# ਵਰਿਆਮ

ਦਸੰਬਰ ੧੯੮੫

ਵਿਸ਼ੇਸ਼ :

## ਕੈਕਟਾਈ ਦੀ ਫਾਰਮ

ਹ. ਲ. ਅਹੂਜਾ

## ਚਾਨਣ ਦਾ ਅਮੁਕ ਇਤਿਹਾਸ

ਡਾ: ਈਸ਼ਰ ਸਿੰਘ 'ਤਾਂਘ'

Sri Satguru Jagjit Singh Ji eLibrary NamdhariElibrary@gmail.com

THE TRADERS' BANK LTD
COMLETES
50
(1933–1983)
YEARS OF DEDICATED SERVICE TO THE NTION

WE PAY 0.25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes*
*and grow with the growing Bank*

Branches in : PUNJAB, HARYANA, U. P. & DELHI

THE TRADERS' BANK LTD.
(Regd. & H. O H-72, Connought Circus, New Delhi)

Scheduled Bank)

S. PARKASH SINGH
General Manager

S. SHER SINGH SINDHU
Chairman

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

ਸਭਿ ਧੰਨੁ ਕਹਹੁ ਗੁਰੁ ਸਤਿਗੁਰੁ
ਗੁਰੁ ਸਤਿਗੁਰੂ
ਜਿਤੁ ਮਿਲਿ ਹਰਿ ਪੜਦਾ ਕਜਿਆ

WITH BEST COMPLIMENTS FROM :

## TARSEM CHAND AGGARWAL

TRANSPORTER, FARMER AND BUSINESSMAN

Prop. :

## *Mount Meru Esso Service Station*

**HAPPY MOTORING**

P. O. BOX NO. 7094

**ARUSHA**

**TANZANIA**



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਕਾਮਨਾਵਾਂ


**GUPTA AUTO SPARE**
**AND**
**HARDWARE**

**P. O. Box 421 ARUSHA [Tanzania]**

**Phones : 2161**
**3790**

***Gupta Auto Spare Parts***

**MW-ANZA**
**[Tanzania]**
**Phone :2437**

***Gupta Auto Spare Parts***

**Dar-es-Salam**
**Tanzania**
**Phone : 35551**





Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਦਸੰਬਰ ੧੯੮੫

ਜਿਲਦ ੧੧ ਅੰਕ ੨



ਦਫ਼ਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 71204 PP



| | |
|---|---|
| ਮੈਂ ਕਹੇ/ਸੰਪਾਦਕ | ੬ |
| ਫੈਕਟਰੀ ਦਾ ਵਾਰਸ/ਹ. ਲ. ਅਹੂਜਾ | ੮ |
| ਗਿਆਨ ਦਾ ਅਮੁਕ ਖਜ਼ਾਨਾ/ਡਾ: ਈਸ਼ਰ ਸਿੰਘ ਤਾਂਘ | ੧੩ |
| ਚਾਰ ਕਵਿਤਾਵਾਂ/ਪ੍ਰੀਤਮ ਸਿੰਘ ਪੰਛੀ | ੧੬ |
| ਗਜ਼ਲਾਂ/ਕੁਲਵਿੰਦਰ ਸੈਣੀ, ਰਾਜਿੰਦਰ ਪਰਦੇਸੀ | ੧੭ |
| ਮਚਰ ਤੇਰੇਸਾ/ਸਾਹਿਬ ਸਿੰਘ ਸੁਖ | ੧੮ |
| ਪੂਰਬੀ ਅਫਰੀਕਾ ਦੀ ਯਾਤਰਾ/ਜਗਦੀਸ਼ ਸਿੰਘ | ੨੦ |
| ਗਰੀਬਾਂ ਦਾ ਮਸੀਹਾ/ਕੁਲਦੀਪ ਸਿੰਘ ਅਰੋੜਾ | ੨੭ |
| ਗਜ਼ਲ/ਅਮਰੀਕ ਸਿੰਘ | ੨੮ |
| ਬੀਤੇ ਦੀਆਂ ਪੈੜਾਂ/ਪ੍ਰੀਤਮ ਸਿੰਘ ਕਵੀ | ੨੯ |
| ਲਿੰਗ ਦਾ ਭੇਦ/ਸ-ਹ. ਮੰਟੋ | ੩੩ |
| ਪੁਸਤਕ ਪੜਚੋਲ | ੩੪ |


## ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੨-੫੦ ਰੁਪਏ |
| ਸਾਲਾਨਾ ਚੰਦਾ | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | ੬੫-੦੦ ,, |
| ਪੰਜ ਸਾਲ ਵਾਸਤੇ | ੧੦੦-੦੦ ,, |
| ਲਾਈਫ ਮੈਂਬਰ | ੩੦੦-੦੦ ,, |

### ਵਿਦੇਸ਼ ਸਾਲਾਨਾ

| | | |
|---|---|---|
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੭/੧-੭੭-ਔਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।



Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸੋ ਗਏ ਦਾਸਤਾਂ ਕਹਿਤੇ ਕਹਿਤੇ

ਲਖਨਵੀ ਉਰਦੂ ਸਾਹਿਤ ਸ਼ਾਇਰ ਹੁਸੈਨ ਸਾਕਿਬ ਦਾ ਸ਼ੇਅਰ ਹੈ :

ਜ਼ਮਾਨਾ ਬੜੇ ਸ਼ੌਕ ਸੇ ਸੁਨ ਰਹਾ ਥਾ
ਹਮੀਂ ਸੋ ਗਏ ਦਾਸਤਾਂ ਕਹਿਤੇ ਕਹਿਤੇ

ਪੰਜਾਬੀ ਸਾਹਿਤ ਜਗਤ ਵਿਚ ਦਾਸਤਾਂ ਕਹਿੰਦੇ ਕਹਿੰਦੇ ਸਾਡੇ ਕਈ ਮਿੱਤਰ ਸਦਾ ਲਈ ਸੌਂ ਗਏ ਹਨ।

**ਸ: ਹਰਨਾਮ ਸਿੰਘ ਨਾਜ਼**

ਸਾਲ ਦੇ ਸ਼ੁਰੂ ਵਿਚ ਸ: ਹਰਨਾਮ ਸਿੰਘ ਨਾਜ਼ ਦੇ ਵਿਛੋੜੇ ਦੀ ਖਬਰ ਜ਼ਹਿਰੀ ਤੀਰ ਵਾਂਗ ਲਗੀ ਸੀ। ਸਦਾ ਲਈ ਖਾਮੋਸ਼ੀ ਦਾ ਰੂਪ ਧਾਰ ਗਿਆ ਸੀ। ਦਿੱਲੀ ਅਤੇ ਜਲੰਧਰ ਵਿਚ ਨਾਜ਼ ਨਾਲ ਕੀਤੀਆਂ ਮਿਲਣੀਆਂ ਦੀ ਸੁਗੰਧੀ ਅਜੇ ਵੀ ਤਾਜ਼ਾ ਹੈ। ਸੰਨ ੧੯੭੮ ਵਿਚ ਦਿੱਲੀ ਸੰਗੀਤ ਸੰਮੇਲਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਾਂਦਿਆਂ ਜਦੋਂ ਸੁੱਪ੍ਰੀਤਮ ਸਿੰਘਵਰੀ ਨੇ ਕਿਹਾ ਕਿ ਇਹ ਹਰਨਾਮ ਸਿੰਘ ਨਾਜ਼ ਹਨ ਤਾਂ ਅਗੋਂ ਸਤਿਗੁਰੂ ਜੀ ਕਿਹਾ ਸੀ ਇਹਨਾਂ ਦੀ ਕਵਿਤਾ ਮੈਂ ਅੱਜ ਹੀ ਜਹਾਜ਼ ਵਿਚ ਆਉਂਦਿਆਂ ਆਰਸੀ ਵਿਚ ਪੜ੍ਹੀ ਹੈ। ਇਸ ਇਕ ਵਾਕ ਨੇ ਨਾਜ਼ ਨੂੰ ਗਦ ਗਦ ਕਰ ਦਿਤਾ ਤੇ ਉਹ ਸਾਰਾ ਵਕਤ ਸਾਡੇ ਨਾਲ ਰਹੇ। ਸਾਡੀ ਆੜੀ ਹੋਰ ਵੀ ਪੱਕੀ ਹੋ ਗਈ। ਨਾਜ਼ ਜੀ ਦਾ ਲੜਕਾ ਬਲਵਿੰਦਰ ਸੰਧੂ ਕ੍ਰਿਕਿਟ ਜਗਤ ਵਿਚ ਨਾਮ ਕਮਾ ਰਿਹਾ ਹੈ ਪਰ ਉਹਨਾਂ ਦੇ ਵਿਛੋੜੇ ਦਾ ਸਲ ਕਾਇਮ ਹੈ।

**ਜੋ ਮਨਿ ਚਿਤਿ ਨ ਚੇਤੇ ਸਨਿ**
**ਸੋ ਗਾਲੀ ਰਬ ਕੀਆਂ**

ਪਿਛਲੇ ਤਿੰਨ ਮਹੀਨਿਆਂ ਦੀਆਂ ਸੋਲਾਂ ਤਾਰੀਖਾਂ ਨੂੰ ਰੱਬ ਨੇ ਐਸੀਆਂ ਗੱਲਾਂ ਕੀਤੀਆਂ ਜੋ ਕਿਸੇ ਮਨ ਦੇ ਚਿਤ ਚੇਤੇ ਵਿਚ ਵੀ ਨਹੀਂ ਸਨ।

**ਸ: ਬਲਬੀਰ ਸਿੰਘ ਸੰਧੂ**

ਸ: ਬਲਬੀਰ ਸਿੰਘ ਸੰਧੂ ਪੰਜਾਬੀ ਦਾ ਨਾਮਵਰ ਭਾਸ਼ਾ ਵਿਸ਼ੇਸ਼ੱਗ ਚੰਡੀਗੜ੍ਹ ਵਿਚ ੧੬ ਅਕਤੂਬਰ ੧੯੮੫ ਨੂੰ ਇਕ ਸਕੂਟਰ ਹਾਦਸੇ ਦਾ ਸ਼ਿਕਾਰ ਹੋ ਕੇ ਇਹ ਸਾਡਾ ਮੀਤ ਛਿਨ ਮਹਿ ਬਿਨਸ ਗਿਆ। ਸੰਧੂ ਵਲੋਂ ਪੰਜਾਬੀ ਕੋਸ਼ਾਂ ਦੀ ਰੱਟ ਕਰਕੇ ਮਨ ਵਿਚ ਇਕਤ ਤਾਂ ਬਹੁਤ ਸੀ, ਅਗੋਂ ਬੱਚੇ ਵੱਲ ਪੰਜਾਬੀ ਕਾਨਫਰੰਸ ਤੋਂ ਇਹ ਵਾਕਫੀਅਤ ਸਾਡੀ ਨੇੜਤਾ ਵਿਚ ਵੀ ਬਦਲ ਗਈ ਸੀ। ਬਾਅਦ ਵਿਚ ਕਈ ਮਿਲਣੀਆਂ ਵਿਚ ਕਈ ਪ੍ਰੋਗਰਾਮ ਬਣੇ ਸੁਣੇ ਗਏ ਪਰ ਮੌਤ ਨੇ ਇਹ ਖੂਬਸੂਰਤ ਸੁਹਿਰਦ ਅਤੇ ਮਿੱਠ ਬੋਲੜਾ ਇਨਸਾਨ ਜਵਾਨ ਉਮਰ ਵਿਚ ਹੀ ਵਰ ਲਿਆ। ਜ਼ਿੰਦਗੀ ਦੀ ਮਜਲਸ ਤੇ ਮੌਤ ਦਾ ਵਾਰਾ ਪਹਿਰਾ ਹੋ ਗਿਆ ਅਤੇ ਮਹਿਮਾਨ ਰੁਖਸਤ ਹੋ ਗਏ। ਅੱਧਵੱਤੇ ਪਏ ਬਾਜ਼ਾਂ ਨੇ ਸਭ ਕੌਲ ਮੁਕਾ ਦਿਤੇ।

**ਸ: ਘੁੰਮਣ**

—੧੬ ਨਵੰਬਰ ੧੯੮੫ : ਸੰਧੂ ਦੇ ਨਾ ਮਾਲੂਮ ਦੇਸ਼ 'ਚ ਜਾਣ ਤੋਂ ਐਨ ਇਕ ਮਹੀਨਾ ਪਿਛੋਂ ੧੬ ਤਾਰੀਖ ਨੂੰ ਹੀ ਮੁੜ ਮੌਤ ਦਾ ਵਾਰ ਹੋਇਆ ਅਤੇ ਇਸ ਵਾਰ ਕਾਲ ਦਾ ਗਰਾਸ ਬਣਿਆ ਪੰਜਾਬੀ ਦਾ ਨਾਮਵਰ ਨਾਟਕਕਾਰ ਸ: ਕਪੂਰ ਸਿੰਘ ਘੁੰਮਣ। ਘੁੰਮਣ, ਜਿਸਨੇ ਸਾਰੀ ਉਮਰ ਪੰਜਾਬੀ ਰੰਗ ਮੰਚ ਦੇ ਲੇਖੇ ਲਾਈ। ਘੁੰਮਣ ਜੋ ਸਦਾ ਹਸੂੰ ਹਸੂੰ ਕਰਦਾ ਰਹਿੰਦਾ। ਘੁੰਮਣ ਜੋ ਪੰਜਾਬੀ ਭਾਸ਼ਾ ਵਿਭਾਗ ਦਾ ਡਾਇਰੈਕਟਰ ਰਹਿਕੇ ਵੀ ਆਮ ਇਨਸਾਨ ਵਾਂਗ ਰਿਹਾ। ਪੰਜਾਬੀ ਜਗਤ ਤੋਂ ਅਨੇਕਾਂ ਮਾਨ ਸਨਮਾਨ ਅਤੇ ਪਿਆਰ ਪ੍ਰਾਪਤ ਕਰਨ ਵਾਲਾ ਇਹ ਨਿਘਾ ਦੋਸਤ ਵੀ ਹਸਤੀ ਦੇ ਦਿਸਹਦਿਆਂ ਦੇ ਸਦਰ ਦਰਵਾਜ਼ੇ ਤੋਂ ਪਾਰ ਪਹੁੰਚ ਗਿਆ।

**ਦੀਦਾਰ ਸਿੰਘ ਅਟਾਰੀ**

੧੬ ਦਸੰਬਰ ੧੯੮੫ : ਚੰਡੀਗੜ੍ਹ ਅਤੇ ਪਟਿਆਲਾ ਤੋਂ ਬਾਅਦ ਹੁਣ ਜਲੰਧਰ ਦੀ ਵਾਰੀ ਆਈ। "ਮੌਤ ਇਕ ਦੂਖਤਾ ਹੂਆ ਕਾਂਟਾ" ਮੁੜ ਪੰਜਾਬੀ ਪਿਆਰਿਆਂ ਦੇ ਦਿਲ 'ਚ ਖੁਭਿਆ। ਮਹਾਤਮਾ ਤਾਲਸਤਾਇ ਨੇ ਕਿਹਾ ਸੀ ਕਿ "ਕੰਵਲ ਦੇ ਪੱਤਿਆਂ ਉਤੇ ਪਾਣੀ ਦੀਆਂ ਬੂੰਦਾਂ ਵਾਂਗ ਅਤਿਅੰਤ ਅਨਿਸ਼ਚਿਤ ਇਹ ਜੀਵਨ ਹੈ"। ਇਸ ਅਤਿਅੰਤ ਅਨਿਸ਼ਚਿਤ ਜੀਵਨ ਵਿਚ ਮੌਤ ੧੬ ਤਾਰੀਖ ਨੂੰ ਪੂਰਨ ਨਿਸ਼ਚਿਤ ਤੌਰ ਤੇ ਇਸ ਵਾਰ ਸ: ਦੀਦਾਰ ਸਿੰਘ ਅਟਾਰੀ ਨਾਲ ਮੁਲਾਕਾਤ ਕਰਨ ਆਈ। ਦੀਦਾਰ ਸਿੰਘ ਅਟਾਰੀ ਜੋ ਜਲੰਧਰ ਦੀ ਧੜਕਣ ਸੀ। ਅਟਾਰੀ ਕੀ ਗਿਆ ਜਿਵੇਂ ਜਲੰਧਰ ਸੱਖਣਾ ਹੋ ਗਿਆ। ਦੀਦਾਰ ਸਿੰਘ ਅਟਾਰੀ ਦਾ ਦੋਸਤਾਂ ਦਾ ਘੇਰਾ ਬਹੁਤ ਮੋਕਲਾ ਸੀ। ਸਾਹਿਤਕ ਪਿੜਾਂ ਵਿਚ ਉਹ ਖਿੜ ਖਿੜ ਕੇ ਲੜਦਾ ਪਰ ਮੰਚ ਤੋਂ ਹੇਠਾਂ ਆ ਕੇ ਉਹ ਜੱਫੀਆਂ ਪਾ ਪਾ ਝੇਸਲੀਆਂ ਜੀਂਦਾ। ਸਾਰਾ ਜੀਵਨ ਪੰਜਾਬੀ ਦੀ ਪੱਤਰਕਾਰੀ ਦੇ ਲੇਖੇ ਲਾ ਕੇ ਕਈਆਂ ਅਖਬਾਰਾਂ ਨੂੰ ਉਹ ਆਪਣੀ ਕਲਮ ਦੀ ਢੋਹ ਦਿੰਦਾ ਜਦੋਂ ਉਹ ਭਾਰਤ ਸਰਕਾਰ ਦੇ ਸੂਚਨਾ



Sri Satguru Jagjit Singh Ji eLibrary NamdhariElibrary@gmail.com

ਅਧਿਕਾਰੀ ਵਲੋਂ ਹੱਦਾਇਤ ਹੋਇਆ ਤਾਂ ਉਹ ਪੰਜਾਬੀ ਸਾਹਿਤ ਜਗਤ ਵਿਚ ਆਲੋਚਕ ਦੇ ਤੌਰ ਤੇ ਅਪਣੀ ਪੈਂਠ ਬਣਾ ਚੁੱਕਾ ਸੀ। ਈਸ਼ਰ ਸਿੰਘ ਅਟਾਰੀ ਇਕ ਕੰਪਿਊਟਰ ਦੀ ਫੁਰਤੀ ਨਾਲ ਕੰਮ ਕਰਦਾ ਸੀ। ਅਤੇ ਧੁੰਸ ਦੇ ਕੇ ਕੰਮ ਨੂੰ ਪੈ ਜਾਣਾ ਉਹਦੀ ਆਦਤ ਹੀ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਹੋਵੇ ਜਾਂ ਪੰਜਾਬੀ ਸਾਹਿਤ ਅਕਾਡਮੀ ਹੋਵੇ ਅਟਾਰੀ ਦੀ ਹਾਜ਼ਰੀ ਸਭਾ ਨੂੰ ਜੋਬਨ ਬਖਸ਼ਦੀ ਸੀ। ਪੰਜਾਬੀ ਸਾਹਿਤ ਸਮੀਖਿਆ ਬੋਰਡ ਰਾਹੀਂ ਅਟਾਰੀ ਜੀ ਨੇ ਅਨੇਕਾਂ ਸ਼ਖਸੀਅਤਾਂ ਨੂੰ ਸਨਮਾਨਿਆ ਉਹਨਾਂ ਦੇ ਸਾਹਿਤਕ ਕੰਮਾਂ ਦੀ ਸਮੀਖਿਆ ਕੀਤੀ ਅਤੇ ਅਨੇਕਾਂ ਨਵੇਂ ਲੇਖਕਾਂ ਨੂੰ ਸਾਹਮਣੇ ਲਿਆਂਦਾ। ਅਖ਼ਬਾਰਾਂ ਰੇਡੀਓ ਟੈਲੀਵੀਜ਼ਨ ਹਰ ਥਾਂ ਅਟਾਰੀ ਦੀ ਛਾਪ ਦਿਸਦੀ ਸੀ। ਉਹ ਪੰਜਾਬੀ ਦਾ ਅਣਥਕ ਸੇਵਕ ਸੀ ਅਤੇ ਅੰਤਲੇ ਦਿਨਾਂ ਵਿਚ ਵੀ ਉਹ ਸਿਹਤ ਦੀ ਪਰਵਾਹ ਨਾ ਕਰਦਿਆਂ ਇਕ ਸਾਧਾਰਨ ਵਾਂਗਰ ਹੀ ਜਤਨਸ਼ੀਲ ਸੀ। ਈਸ਼ਰ ਸਿੰਘ ਅਟਾਰੀ ਇਕ ਇਨਸਾਨ ਦੇ ਰੂਪ ਵਿਚ ਪੂਰੀ ਸੰਸਥਾ ਸੀ। ਅਟਾਰੀ ਦੀ ਨਿੱਘੀ ਹੱਥ ਘੁਟਣੀ—ਕਵਿਤਾਵਾਂ ਭਰੀ ਮਿਲਣੀ ਅਤੇ ਦੋਸਤੀ ਦਾ ਨਿੱਘ ਅਜੇ ਵੀ ਮਹਿਸੂਸ ਕੀਤਾ ਜਾ ਰਿਹਾ ਹੈ।

ਉਹ ਜਿਊਂਦਿਆਂ ਵਾਂਗ ਜੀਵਿਆ ਅਤੇ ਹਾਸ਼ਮ ਦੇ ਸ਼ੇਅਰ ਨੂੰ ਸਾਕਾਰ ਕਰ ਗਿਆ।

ਜੀਤੇ ਹਾਂ ਤੋ ਕੁਛ ਕੀਜੀਏ
ਜ਼ਿੰਦਾਂ ਕਾ ਹੈ ਜ਼ਰ੍ਹਾ
ਮੁਰਦੋਂ ਕੀ ਤਰ੍ਹਾ ਜੀਏ
ਤੋ ਕਿਆ ਖਾਕ ਜੀਏ

ਅਟਾਰੀ ਦਾ ਵਿਛੋੜਾ ਪੰਜਾਬੀ ਜਗਤ ਦਾ ਵਿਛੋੜਾ ਤਾਂ ਹੈ ਹੀ ਇਕ ਅਤਿ ਨਿਕਟੀ ਦੋਸਤ ਦਾ ਵਿਛੋੜਾ ਵੀ ਹੈ। ਅਸੀਂ ਪੰਜਾਬੀ ਜਗਤ ਅਤੇ ਅਟਾਰੀ ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹਾਂ ਸ਼ਰਧਾਂਜਲੀ ਵੀ ਦਿੰਦੇ ਹਾਂ ਪਰ ਕੀ ਕਹੀਏ।

ਕਹੂੰ ਕਿਸ ਸੇ ਮੈਂ ਕਿ ਮੌਹਰੀਆਂ ਇਸ ਵਕਤ ਕੀ
ਕਿ ਸਭ ਉਠ ਗਏ ਮੇਹਰਬਾਂ ਅੱਛੇ ਅੱਛੇ
ਲੜੇਂ ਕਿਆ ਜ਼ਮਾਨੇ ਸੇ ਕੁਸ਼ਤੀ ਕਿ ਉਸਨੇ
ਪਛਾੜੇ ਬਹੁਤ ਪਹਿਲਵਾਂ ਅੱਛੇ ਅੱਛੇ

## ਸੰਤ ਅਨੰਤਾ ਸਿੰਘ

ਹੁਣ ਇਕ ਹੋਰ ਵਿਛੋੜੇ ਦੀ ਗੱਲ ਕਰਦੇ ਹਾਂ। ਉਹ ਸਾਹਿਤਕਾਰ ਤਾਂ ਨਹੀਂ ਸੀ ਪਰ ਕਲਾਕਾਰ ਜ਼ਰੂਰ ਸੀ ਅਤੇ ਲੇਖਕਾਂ ਦਾ ਕਦਰਦਾਨ ਸੀ। ਬਾਪੂ ਅਨੰਤਾ ਸਿੰਘ ਜੀ ਨੇ ਕੈਂਚੀ ਅਤੇ ਸੂਈ ਨਾਲ ਕਲਾਕਾਰੀ ਕੀਤੀ ਅਤੇ ਨਾਮਧਾਰੀ ਜਗਤ ਵਿਚ ਇਕ ਅਹਿਮ ਥਾਂ ਬਣਾਈ। ਨਾਮਧਾਰੀ ਕਾਟ ਦੇ ਕੁੜਤੇ ਅਤੇ ਪਜਾਮਿਆਂ ਨੂੰ ਕਟਣ ਸਿਉਣ ਦੇ ਸਿਧ ਹਸਤ ਮਾਹਰ ਸੰਤ ਅਨੰਤਾ ਸਿੰਘ ਜੀ ਨੇ ਸਿਖਰਾਂ ਦਾ ਸਤਿਕਾਰ ਪ੍ਰਾਪਤ ਕੀਤਾ ਅਤੇ ਪੀਤੇ ਹੋਲੇ ਮਹੱਲੇ ੧੯੯੫ ਨੂੰ ਦਿੱਲੀ ਵਿਖੇ ਸਮੂਚੇ ਨਾਮਧਾਰੀ ਪੰਥ ਵਲੋਂ ਆਪ ਨੂੰ 'ਪੰਥ ਰਤਨ' ਦੀ ਉਪਾਧੀ ਮਿਲਣ ਤੇ ਅਤਿਅੰਤ ਖੁਸ਼ੀ ਹੋਈ। ਪਚਾਸੀ ਸਾਲਾਂ ਤੋਂ ਉਤੇ ਦੀ ਉਮਰ ਤਕ ਉਹ ਬਾਹੋਸ਼ ਬਾਸ਼ ਰਹੇ ਅਤੇ ਅੰਤ ਵੇਲੇ ਬਾਰ ਬਾਰ ਰਾਤ ੧੨ ਵਜਣ ਦੀ ਉਡੀਕ ਕਰਦੇ ਰਹੇ। ਜਾਣ ਦੀਆਂ ਗਲਾਂ ਕਰਦੇ ਸੁਖਮਣੀ ਸਾਹਿਬ ਦਾ ਪਾਠ ਸੁਣਦੇ ਪਰਿਵਾਰ ਨੂੰ ਸਤਿਗੁਰੂ ਵਲ ਸਨਮੁਖ ਰਹਿਣ ਦੀ ਪ੍ਰੇਰਣਾ ਦਿੰਦੇ ਠੀਕ ੧੨ ਵਜੇ ਸਰੀਰ ਤਿਆਗ ਗਏ।

"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ"

# ਗੋਸਾਈਂ ਵੇਦ ਰਾਜ

ਜਦੋਂ ਇਹ ਪਰਚਾ ਛਪਾਈ ਅਧੀਨ ਸੀ ਤਾਂ ਸਾਡੇ ਫੋਟੋਕੰਪੋਜ਼ਿੰਗ ਸਟਾਫ਼ ਦੇ ਇੰਚਾਰਜ ਸ੍ਰੀ ਵੇਦ ਰਾਜ ਗੋਸਾਈਂ ਬਾਰ ਬਾਰ ਬੀਮਾਰ ਹੁੰਦੇ ਰਹੇ ਜਿਸ ਕਾਰਨ ਪਰਚੇ ਦੇ ਪ੍ਰਕਾਸ਼ਨ ਵਿਚ ਵੀ ਦੇਰੀ ਤੋਂ ਦੇਰੀ ਹੁੰਦੀ ਗਈ। ਅਜੇ ਵੀ ਪਰਚਾ ਤਿਆਰ ਨਹੀਂ ਸੀ ਹੋਇਆ ਕਿ ਗੁਸਾਈਂ ਜੀ ੪ ਅਤੇ ੫ ਜਨਵਰੀ ਦੀ ਰਾਤ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਸਾਤਾਂ ਸਾਲ ਤੋਂ ਉਪਰ ਸਮੇਂ ਤਕ ਉਹ ਵਰਿਆਮ ਦੀ ਪ੍ਰੈਸ ਨਾਲ ਸਬੰਧਤ ਰਹੇ ਅਤੇ ਸੰਪਾਦਕ ਵਰਿਆਮ ਦੀ ਗੈਰ-ਹਾਜ਼ਰੀ ਵਿਚ ਅਦਾਰੇ ਦੀ ਦੇਖ ਭਾਲ ਕਰਦੇ ਰਹੇ। ਵਡੇ ਵਡੇ ਮੌਕਿਆਂ ਉਪਰ ਵਰਿਆਮ ਦੇ ਸਟਾਲ ਤੇ ਬੈਠ ਕੇ ਵੀ ਉਹ ਸੰਪਾਦਕ ਨੂੰ ਹੋਰ ਕਾਰਜਾਂ ਲਈ ਵੇਹਲਾ ਕਰਦੇ ਰਹੇ।

ਉਹ ਆਪਣੇ ਪਿਛੇ ਪਤਨੀ ਅਤੇ ਇਕ ਅੱਠ ਸਾਲ ਦੀ ਬੱਚੀ ਛੱਡ ਗਏ ਹਨ। ਗੋਸਾਈਂ ਜੀ ਦੇ ਪਰਿਵਾਰ ਨੂੰ ਬਹੁਤ ਘਾਟਾ ਪਿਆ ਹੈ ਅਤੇ ਵਰਿਆਮ ਨੂੰ ਵੀ ਭਾਰੀ ਸਦਮਾ ਲਗੀ ਹੈ।

ਗੋਸਾਈਂ ਪਰਿਵਾਰ ਦੇ ਦੁਖ 'ਚ ਸ਼ਰੀਕ ਹੁੰਦੇ ਅਸੀਂ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਜੀਵ ਆਤਮਾ ਨੂੰ ਸਦਗਤੀ ਪ੍ਰਾਪਤ ਹੋਵੇ ਅਤੇ ਪਰਵਾਰ ਭਾਣਾ ਮੰਨਦਿਆਂ ਇਸ ਸਦਮੇ ਨੂੰ ਬਰਦਾਸ਼ਤ ਕਰੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਕੈਕਟਾਈ ਦੀ ਫਾਰਮ

—ਰ. ਲ. ਅਹੂਜਾ

—ਉਏ ਮੁੰਡੂ ਕਿਥੇ ਹੈਂ ?

—(ਦੂਰੋਂ) 'ਆਇਆ ਜੀ, ਆਇਆ।''

—ਗੁਲਦਸਤਾ ਬਣਾਇਆ ਈ ?

(ਆਕੇ)—ਜੀ ਬਣਾ ਦਿਤੇ, ਬੈਠਕ ਵਿਚ ਰਖ ਦਿਤੇ।

—ਦਿਖਾ ਤੇ ਲਿਆ ਕੇ।

(ਮੁੰਡੂ ਗੁਲਦਸਤਾ ਲਿਆਕੇ ਦਿਖਾਂਦਾ ਏ)

(ਵੇਖਕੇ)—ਇਹ ਕੀ ਬਣਾਇਆ ਈ ? ਸ਼ੈ ਲਿਆ।

—ਹੈਂ ਤਾਂ ਹੀ ਗੈਂਡਾ ਹੀ ਰਹਿ ਗਿਆ ਏ। ਇਹ ਸਜਰੇ, ਸੋਹਣੇ ਤੇ ਖੁਸ਼ਬੂਦਾਰ ਹਨ। ਵੇਖੋ ਨਾ ਕਿੰਨਾ ਸੋਹਣਾ ਏ ਗੁਲਦਸਤਾ !

ਬਾਊਜੀ : ਤੇਰਾ ਸਿਰ ! ਹੋਰ ਕੋਈ ਫੁੱਲ ਨਹੀਂ ਸੀ ਖਿੜਿਆ ?

ਮੁੰਡੂ : ਛੋਟੇ ਸਾਹਬ ਨੇ ਪੁਟ ਦਿਤੇ ਨੇ ਸਾਰੇ।

ਬਾਊਜੀ : ਪੁਟ ਦਿਤੇ ਨੇ ! ਕੀ ਕਿਹਾ ?

ਮੁੰਡੂ : ਤੁਹਾਡੇ ਪਿਛੋਂ ਸਭ ਸਾਫ ਕਰ ਦਿੱਤਾ ਏ...

ਬਾਊਜੀ : ਕੀ ਸਾਫ ਕਰ ਦਿਤਾ ?

ਮੁੰਡੂ : ਬਗ਼ੀਚਾ ਜੀ, ਜੜ੍ਹੋਂ ਪੁਟ ਸੁਟੇ ਸਾਰੇ। ਜਿਸ ਵੇਲੇ ਤੁਸੀਂ ਦਿੱਲੀ ਗਏ, ਉਸੇ ਦਿਨ ਲਗ ਪਿਆ। ਕੱਸੀ ਲੈ ਕੇ ਖੱਚਕੇ ਪਧਰਾ ਕਰ ਦਿਤਾ ਅੱਧੀ ਕਨਾਲ ਦੀ ਫੁਲਵਾੜੀ ਨੂੰ, ਪਧਰਾ।

ਬਾਊਜੀ : ਤੂੰ ਰੋਕਿਆ ਨਾ ਉਸਨੂੰ ?

ਮੁੰਡੂ : ਕੌਣ ਹੁੰਦਾ ਐਂ ਤੂੰ ਮੈਨੂੰ ਪੁਛਣ ਵਾਲਾ ? ਇਹ ਕਹਿ ਕੇ ਗਿਆ ਮੈਨੂੰ ਅੱਖਾਂ ਲਾਲ ਕਰਕੇ। ਕੱਸੀ ਚੁਕ ਲਈ ਉਹਨੇ ਮੈਨੂੰ ਮਾਰਨ ਲਈ। ਨੱਠ ਕੇ ਜਾਨ ਬਚਾਈ। ਬਾਲ ਬੱਚੇਦਾਰ ਹੋਇਆ ਜੀ। ਉਹ ਬੜਾ ਢਾਂਟ।

ਬਾਊਜੀ : ਗੁਲਦਾਊਦੀ ਵੀ ਪੁਟ ਛੱਡੀ ? ਜੋ ਸਹਾਰਨਪੁਰੋਂ ਜਾ ਕੇ ਲੈ ਆਇਆ ਸੈਂ। ਯਾਦ ਹੋਈ ਕਿ ਨਾ ?

ਮੁੰਡੂ : ਯਾਦ ਐ ਮੈਨੂੰ ਚਿੱਠੀ ਲੈ ਕੇ ਗਿਆ ਸਾਂ ਤੁਹਾਡੀ !

ਬਾਊਜੀ : ਕਿਸੇ ਨੂੰ ਵੇਚ ਦਿਤੇ ਹੋਣੇ ਰੁਪਈਆ ਬੂਟੇ।

ਮੁੰਡੂ : ਵੇਚਦਾ ਕਿਨੂੰ ? ਉਸਨੂੰ ਚੰਗੀ ਮਾੜੀ ਦੀ ਕੀ ਸਮਝ।

ਬਾਊਜੀ : ਫਿਰ ਗੇਂਦਾ ਕਿਵੇਂ ਬਚ ਗਿਆ ? ਕੱਸੀ ਦੇ ਟੱਪੋਂ ਤਾਂ ?

ਮੁੰਡੂ : ਇਹ ਕੰਢੇ ਕੰਢੇ ਸਨ ਖੜੇ। ਨਾਲ ਰਾਤ ਪੈ ਗਈ।

ਬਾਊਜੀ : ਕੀ ਕਹਿੰਦਾ ਸੀ ? ਕਿਸ ਲਈ ਕੀਤਾ ਇਹ ਕਾਰਾ ?

ਮੁੰਡੂ : ਨਾਲ ਦੇ ਗਵਾਂਢੀ ਨਾਲ ਕੀਤੀ ਹੋਣੀ ਕੋਈ ਸਲਾਹ-ਸਲੂਹ।

ਬਾਊਜੀ : ਤੈਨੂੰ ਕਿਵੇਂ ਪਤੈ ਸਲਾਹ-ਸਲੂਹ ਦਾ ?

ਮੁੰਡੂ : ਦਿੱਲੀ ਜਾਣ ਤੋਂ ਪਹਿਲਾਂ ਤੁਸੀਂ ਅੰਦਰ ਤਿਆਰੀ ਵਿਚ ਲਗੇ ਹੋਏ ਸੀ। ਉਹਨੇ ਲਹਿੰਦੇ ਪਾਸੇ ਦੇ ਗਵਾਂਢੀ ਨਾਲ, ਕੰਧੋਲੀ ਨਾਲ ਖੜੋ ਕੇ ਕਈ ਗੱਲਾਂ ਕੀਤੀਆਂ ਸਨ।

ਬਾਊਜੀ : ਤੂੰ ਸੁਣਿਆ ?

ਮੁੰਡੂ : ਉਸ ਵੇਲੇ ਉਹ ਗੋਡੀ ਕਰ ਰਿਹਾ ਸੀ। ਫੁਲਵਾੜੀ ਦੀਆਂ ਗੱਲਾਂ ਕਰਨ ਲਗ ਪਏ ਸਨ।

ਬਾਊਜੀ : ਕੀ ?

ਮੁੰਡੂ : ਬਸ ਇਹੋ ਕਿ ਫੁੱਲਾਂ ਦਾ ਕੀ ਫਾਇਦੈ ? ਫੁੱਲਾਂ ਤੋਂ ਕੰਡੇ ਚੰਗੇ ਹਨ। (ਮੈਨੂੰ ਹਾਸਾ ਆ ਗਿਆ ਪਰ ਮੈਂ ਦਬ ਕਰ ਲਈ)—ਫੁੱਲ ਤੀਵੀਆਂ ਵਾਂਗ ਮਰਦਾਂ ਨੂੰ ਨਾਮਰਦ ਕਰ ਦੇਂਦੇ ਹਨ। ਕੰਡੇ (ਕੈਕਟਸ) ਬੀਜੋ ਕੰਡੇ। ਕੰਡਾ ਮਰਦ ਹੈ। ਫੁੱਲ ਤੀਵੀਂ।...(ਨਵੀਂ ਗੱਲ ਸੀ ਮੇਰੇ ਪਿਉ ਦਾਦੇ ਲਈ ਵੀ।)...ਕੰਡਿਆਂ ਨੂੰ ਵੀ ਪੀਲੇ ਫੁੱਲ ਲਗਦੇ ਹਨ। ਉਹ ਵਾਧਵਾ ਹਨ।...ਆਕੇ ਵੇਖੋ ਮੇਰੀ ਕਿਆਰੀ। ਕੈਕਟਾਈ ਤੇ ਕੈਕਟਾਈ। ਵਿਲਾਇਤੋਂ ਆਇਆ ਇਨ੍ਹਾ ਲਈ ਅੰਗਰੇਜ਼ੀ ਬੀਜ ਵੀ ਤੇ ਅਮਰੀਕੀ ਵੀ।—ਕੰਡਿਆਂ ਦਾ ਬਾਗ਼। ਲੁਧਿਆਣਾ ਯੂਨੀਵਰਸਟੀ ਨੇ ਵੀ ਮੇਰੇ ਤੋਂ ਬੀਜ ਮੰਗਵਾਏ (ਮੇਰਾ ਹਾਸਾ ਨਿਕਲ ਗਿਆ) ਛੋਟੇ ਸਾਹਬ ਨੇ ਮੈਨੂੰ ਠੁਡਾ ਮਾਰ ਕੇ ਭਜਾ ਦਿਤਾ।

ਬਾਊਜੀ : ਫਿਰ ?

ਮੁੰਡੂ : ਦੂਜੇ ਦਿਨ ਪੌਦ ਲੈ ਆਏ ਤੇ ਅਰਦਾਸਾ ਕਰਕੇ ਸਾਰੀ ਥਾਂ ਤੇ ਕੈਕਟਾਈ ਲਾ ਦਿਤੀ।

ਬਾਊਜੀ : ਫਿਰ ਖੋਦ ਕੇ ਕੱਢ ਦੇ ਸਾਰੀ ਪੌਦ। ਕਾਬਲਾ ਗੁਲਿਸਤਾਨ ਨੂੰ ਕਬਰਿਸਤਾਨ ਬਣਾਈ ਜਾਂਦਾ ਏ।



Sri Satguru Jagjit Singh Ji eLibrary NamdhariElibrary@gmail.com

ਮੁੰਡੂ : ਸਾਹਬ ਜੀ; ਤਾਂ ਫਿਰ ਛੋਟਾ ਸਾਹਬ ਮੈਨੂੰ ਉਸੇ ਕੱਸੀ ਨਾਲ ਵਢ ਛੱਡੂ।

ਬਾਊਜੀ : ਜਾ ਫਿਰ ਦਫ਼ਾ ਹੋ ਜਾ ਮੇਰੀਆਂ ਅੱਖਾਂ ਤੋਂ। (ਨੌਕਰ ਚਲਾ ਗਿਆ। ਬਾਊਜੀ ਕੁਰਸੀ ਉਤੇ ਬੈਠ ਗਏ ਅਤੇ ਸੋਚਣ ਲਗੇ ਕਿ ਹਰੀਆ ਗਵਾਂਢੀ ਹੋ ਆਪਣੇ ਬਹੁਤ ਲਗਦਾ ਹੈ। ਪੁਛਦਾ ਹੀ ਨਹੀਂ ਕਿ ਇਹ ਕਰਨਾ ਠੀਕ ਹੈ ਜਾਂ ਉਹ। ਜੋ ਕਰਦਾ ਹੈ ਆਪਣੀ ਮਰਜ਼ੀ ਨਾਲ ਕਰਦਾ ਹੈ। ਜਿਵੇਂ ਸਾਰੇ ਘਰ ਦਾ ਇਹ ਮਾਲਕ ਹੋਵੇ। ਇਤਨੇ ਵਿਚ ਉਨ੍ਹਾਂ ਦੀ ਵਹੁਟੀ ਬੈਠਕ ਵਿਚ ਆ ਗਈ ਤੇ ਪੁਛਿਆ, "ਕਿਥੇ ਨੇ ਤੁਹਾਡੇ ਭਾਜੀ ?"

ਬਾਊਜੀ : ਸਵੇਰੇ ਸਵੇਰੇ ਉਤਰੇ ਸਾਂ ਗੱਡੀ ਤੋਂ। ਸਿਧਾ ਲੈ ਗਿਆ ਉਸਨੂੰ 'ਲੱਖਾ ਸਿੰਘ ਹੋਟਲ'। ਨਹਾਤੇ ਧੋਤੇ ਅਤੇ ਚਾਹ ਪੀਤੀ। ਉਹ ਹੁਣ ਉਥੇ ਆਰਾਮ ਕਰੇਗਾ। ਦੁਪਹਿਰ ਦੇ ਖਾਣੇ ਲਈ ਲੈ ਆਵਾਂਗੇ ਉਹਨੂੰ।

ਬੀਬੀ ਜੀ : ਹਰੀਏ ਨੂੰ ਭੇਜ ਦੇਣਾ ਭਾ ਜੀ ਨੂੰ ਲੈ ਆਵੇਗਾ।

ਬਾਊਜੀ : ਦੇਖਿਆ ਜੇ ਉਸਦਾ ਕਿਰਦਾਰ। ਬਗੀਚਾ ਸਾਫ਼ ਕਰਕੇ ਕੈਕਟਾਈ ਲਾ ਦਿਤੀ ਸੂ। ਗੁਲਾਬ ਵੀ ਗਿਆ, ਮੋਤੀਆ ਵੀ, ਚਾਂਦਨੀ ਵੀ ਬਾਹਰ ਸੁਟ ਦਿਤੇ ਸੜਕ ਤੇ। ਚੁਪਿਆ ਹੀ ਗੇਂਦੇ ਦਾ ਗੁਲਦਸਤਾ! ਇਹ ਹੈ ਉਹਦੀ ਚੋਣ।

ਬੀਬੀ ਜੀ : ਕੀ ਹੈ ਇਹਨੂੰ ? ਕੇਸਰੀ ਰੰਗ ਦੇ ਝੰਡਿਆਂ ਨੂੰ। ਤੁਸੀਂ ਫੁੱਲ ਨੂੰ ਕੇਵਲ ਫੁੱਲ ਨਾ ਸਮਝੋ। ਇਹ ਚਿੰਨ੍ਹ ਹੈ, ਚਿੰਨ੍ਹ! ਸਾਡੇ ਸਭਿਆਚਾਰ ਦਾ।

ਬਾਊਜੀ : ਤਾਂ ਫਿਰ ਕੈਕਟਾਈ ਦੀ ਥਾਂ ਤੇ ਗੇਂਦੇ ਲਾ ਛੱਡੇ ਸਨ। ਤੇਰੇ ਨਾਲ ਸਲਾਹ ਕੀਤੀ ਹੋਣੀ ਏ, ਉਸਨੇ।

ਬੀਬੀ ਜੀ : ਕਹਿੰਦਾ ਸੀ ਕਿ ਮੈਂ ਨਵਾਂ ਤਜਰਬਾ ਕਰਨ ਲਗਾ ਹਾਂ। ਕੈਕਟਾਈ ਦੀ ਫਾਰਮ ਬਣਾਵਾਂਗਾ। ਅਮਰੀਕਾ ਦੇ ਮਾਹਰ ਬੁਲਾਵਾਂਗਾ। ਮੈਂ ਇਹਨੂੰ ਆਜਤਸਕ ਬਣਾ ਦਿਖਾਵਾਂਗਾ। ਜਿਵੇਂ ਜਪਾਨੀ ਨੇ ਬੇਰੀ ਦੀ ਫ਼ਾਰਮ ਬਣਾਈ ਹੈ। ਉਹ ਬੇਰ ਨਿਰਯਾਤ ਕਰਦਾ ਹੈ ਤੇ ਵਲਾਇਤੀ ਬੈਂਕਟ ਹੀ ਮੰਗਵਾਂਦਾ ਹੈ।

ਬਾਊਜੀ : ਚਲੋ ਦੱਸ ਤਾਂ ਦਿਤਾ ਮਾਂ ਨੂੰ। ਪਿਓ ਤੋਂ ਪੁਛਣ ਜਾਂ ਦੱਸਣ ਦੀ ਕੀ ਲੋੜ ਹੈ? ਪੁਤਰ ਤੇਰਾ ਪਾਕੀ ਵੀ ਹੈ ਤੇ ਆਕੀ ਵੀ। ਸਾਡਾ ਕੌਣ ਹੈ ਮਾਈ ਦਾ ਲਾਲ?

ਬੀਬੀ ਜੀ : ਤੁਹਾਡਾ ਪੁਤਰ ਨਹੀਂ, ਜੀ?

ਬਾਊ ਜੀ : ਹੋਵੇਗਾ। ਪਰ ਲਗਦਾ ਤੁਰਕ ਹੈ। ਕਿਸੇ ਜਨਮ ਵਿਚ ਹੋਵੇਗਾ।

ਬੀਬੀ ਜੀ : ਕਿਵੇਂ ? ਕਿਵੇਂ ? ਲਗਦਾ ਤੁਰਕ ਹੈ, ਕਿਵੇਂ ?

ਬਾਊਜੀ : ਇਤਨਾ ਬੇਲਿਹਾਜ਼ਾ। ਇਤਨਾ ਅੱਖੜ!

(ਹਰੀਆ ਆ ਜਾਂਦਾ ਹੈ)

ਹਰੀਆ : ਆ ਗਏ ਤਾਇਆ ਜੀ ?

ਬਾਊਜੀ : ਆ ਗਏ। ਲੱਖਾ ਸਿੰਘ ਹੋਟਲ ਵਿਚ ਠਹਿਰੇ ਹੋਏ ਨੇ।

ਹਰੀਆ : ਲੈ ਆਏ ਨੇ ਮੇਰੇ ਲਈ ਅਮਰੀਕੀ ਪਟਾਕੇ ?

ਬਾਊਜੀ : ਲੈ ਆਏ ਹੋਣਗੇ ਜੇ ਲਿਆ ਸਕਦੇ ਹਨ ?

ਹਰੀਆ : ਕਸਟਮ ਵਾਲਿਆਂ ਨੂੰ ਕੁਝ ਡਾਲਰ-ਡਾਲਰ ਦੇ ਦਿਓ, ਡਰੂ ਵੀ ਨਿਗਲ ਜਾਂਦੇ ਹਨ।

(ਜ਼ੋਰ ਦੀ ਹੱਸ ਪੈਂਦਾ ਹੈ)

ਬਾਊਜੀ : ਲੰਚ ਲਈ ਲੈ ਆਈਂ ਉਹਨੂੰ ਨਾਲ। ਨਾਲੇ ਆਪਣੇ ਤੋਹਫੇ ਵੀ ਲੈ ਆਈਂ। ਪਰ ਰਖੇਂਗਾ ਕਿਥੇ ?

ਹਰੀਆ : ਆਪਣੇ ਘਰ ਹੀ ਹੋਰ ਕਿਥੇ ? ਅਜ ਕਲ ਵਜ਼ੀਰਾਇਸਤਾਨ ਬਣ ਗਿਆ ਹੈ ਇਹ ਇਲਾਕਾ।

ਬਾਊਜੀ : ਤੂੰ ਜਾਣ ਤੇ ਤੇਰਾ ਕੰਮ ਜਾਣੇ। ਠੀਕ ਗੱਲ ਜਾ ਕਰਨੀ ਨਾ ਹੋਣੀ ਕਰੇਂ। ਨਾ ਪੁਛਣ ਦੀ ਲੋੜ ਹੈ ਤੈਨੂੰ, ਨਾ ਦੱਸਣ ਦੀ।

ਹਰੀਆ : ਮਸਤ ਰਹੋ ਸਰਦਾਰ ਜੀ, ਮਸਤ ਰਹੋ! ਗੁੰਗੇ ਦੀਆਂ ਰਮਜ਼ਾਂ ਜਾਂ ਗੁੰਗਾ ਜਾਣੇ ਜਾਂ ਗੁੰਗੇ ਦੀ ਮਾਂ।

(ਹੱਸਦਾ ਹੋਇਆ ਚਲਾ ਜਾਂਦਾ ਹੈ)

ਬਾਊਜੀ : ਵੇਖਿਆ ਏ ਪੁਤਰ ਨੂੰ! (ਆਵਾਜ਼ ਦੇ ਕੇ) ਹਰੀਆ...

ਹਰੀਆ। (ਵਾਪਸ ਆਕੇ) ਫਿਰ ਨਾ ਸੱਦਿਆ ਕਰੋ।

ਬਾਊਜੀ : ਕੁਝ ਫਲ ਵੀ ਲੈਂਦਾ ਆਈਂ ਤਾਏ ਜੀ ਲਈ।

ਹਰੀਆ : ਲੈ ਆਇਆ ਹਾਂ। ਤੁਹਾਡੇ ਕਹਿਣ ਤੋਂ ਪਹਿਲਾਂ ਪਾਕਿਸਤਾਨੀ ਖਜੂਰਾਂ ਸ਼ਹਿਦ ਤੋਂ ਵੀ ਮਿੱਠੀਆਂ।

ਬਾਊਜੀ : ਬਸ !

ਹਰੀਆ : ਕੇਲੇ ਵਧੀਆ ਖਿੜਕੀ ਵਾਲੇ ਜੋ ਪਾਕਿਸਤਾਨ ਜਾਂਦੇ ਨੇ ਮਣਾ ਮੂੰਹ।



Sri Satguru Jagjit Singh Ji eLibrary NamdhariElibrary@gmail.com

ਬਾਊਜੀ : ਚੰਗਾ ਜਾ । (ਉਹ ਚਲਾ ਜਾਂਦਾ ਹੈ) (ਬੀਬੀ ਜੀ ਨੂੰ) ਵੇਖਿਆ ਈ ਪੁਤਰ ਦੀ ਪਛਾਣ ।

ਬੀਬੀ ਜੀ : ਮੁੰਡੂ ਨੂੰ ਭੇਜ ਦਿਓ ਸਿਓ ਸੂ ਲੈ ਆਏ ।

(ਜੀਜੀ ਮੁੰਡੂ ਨੂੰ ਬੁਲਾਕੇ ਸੇਬ ਲੈ ਆਉਣ ਲਈ ਪੈਸੇ ਦੇ ਦੇਂਦੀ ਹੈ। ਉਹ ਚਲੀ ਜਾਂਦੀ ਹੈ)

ਬਾਊਜੀ : ਕੀ ਬਣਾਉਣ ਲਗੇ ਹਾ ਜੀ ਲਈ ?

ਬੀਬੀ ਜੀ : ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ।

ਬਾਊਜੀ : ਬਸ !

ਬੀਬੀ ਜੀ : ਹੋਰ ਕੀ ਚਾਹੀਦੈ ? ਸਾਡੇ ਸਭਿਆਚਾਰ ਦਾ ਉਘਾ ਨਮੂਨਾ । ਵਲਾਇਤ ਵਾਲੇ ਸੱਤ ਨੇਮਤਾਂ ਛਡਕੇ ਪੰਜਾਬੀ ਹੋਟਲ ਵਿਚ ਇਹ ਖਾਂਦੇ ਹਨ। ਦੂਰੋਂ ਦੂਰੋਂ ਡਬਲਿਨ ਤੇ ਐਡਨਬਰਾ ਤੋਂ ਆਕੇ !

ਬਾਊਜੀ : ਸੋਲਾਂ ਘੰਟੇ ਦਾ ਸਫਰ ਕਰਕੇ ਅਮਰੀਕਾ ਤੋਂ ਆਇਆ ਹੈ। ਥੱਕਾ ਹੋਇਆ ਹੈ। ਕੁਝ ਹੋਰ ਵੀ ਬਣਾ ਦੇਂਦੀ। ਕੜਾਹ ਜਾਂ ਖੀਰ !

ਬੀਬੀ ਜੀ : ਕੜਾਹ ਦੀ ਗੱਲ ਕਰ । ਖੀਰ ਤਾਂ ਬ੍ਰਾਹਮਣਾਂ ਦਾ ਖਾਜਾ ਹੈ। ਨਾਲੇ ਯੂ.ਪੀ ਦਾ ਸਭਿਆਚਾਰ ਹੈ। ਕੜਾਹ ਕਲ ਬਣਾਵਾਂਗੀ ।

ਬਾਊਜੀ : ਕੋਈ ਮਿੱਠੀ ਚੀਜ਼ ?

ਬੀਬੀ ਜੀ : ਗੁੜ ! ਹੋਰ ਕੀ ? ਇਹ ਵੀ ਠੇਠ ਪੰਜਾਬੀ ਹੈ।

ਬਾਊਜੀ : ਤਾਂ ਫਿਰ ਮੇਵਿਆਂ ਵਾਲਾ ਗੁੜ ਰਖ ਲਵੋ ਕ੍ਰਿਸਟਲ ਦੀ ਪਲੇਟ ਵਿਚ ।

ਬੀਬੀ ਜੀ : ਕੀ ਗੱਲਾਂ ਕਰਦੇ ਹੋ ਤੁਸੀਂ ? ਕਾਚ ਪੰਜਾਬੀ ਨਹੀਂ । ਖਾਜਾ ਪੰਜਾਬੀ ਨਹੀਂ । ਤੁਸੀਂ ਤਾਂ ਪੰਜਾਬੀਅਤ ਦਾ ਨਾਸ ਕਰਨ ਲਗੇ ਹੋ। ਮੇਵਿਆਂ ਵਾਲੇ ਗੁੜ ਦਾ ਨਾਂ ਲੈਕੇ ।

ਬਾਊਜੀ : ਕਿਥੋਂ ਸਿਖ ਲਈਆਂ ਨੇ ਇਹ ਗੱਲਾਂ ?

ਬੀਬੀ ਜੀ ; ਸ਼ਾਬਾਸ਼ੇ ਤੁਹਾਡੇ ਦੇ ! ਦਸਦਾ ਰਹਿੰਦਾ ਏ ਮੈਨੂੰ ਸਭ ਕੁਝ, ਉਤੇ ਤੋਂ ਲੇਕੇ ਹਾਰੇ ਤਕ। ਤੁਸੀਂ ਤਾਂ ਕੰਨਾਂ ਵਿਚ ਰੂੰ ਤੇ ਅੱਖਾਂ ਉਤੇ ਪਟੀ ਬੰਨੀ ਹੋਈ ਏ। ਪੰਜਾਬੀਅਤ ਸਿਰ ਕਢ ਰਹੀ ਹੈ !

ਬਾਊਜੀ : ਸਰੋਂ ਦਾ ਸਾਗ ਮੱਕੀ ਦੀ ਰੋਟੀ ਤੇ ਖਾਣੇ ਗੁੜ ਤੋਂ ? (ਹੱਸ ਪੈਂਦਾ ਹੈ)

ਬੀਬੀ ਜੀ : ਪੰਜਾਬੀਅਤ ਤਾਂ ਇਸ ਤਰ੍ਹਾਂ ਨਹੀਂ ਹੱਸਦੀ ।

(ਇਤਨੇ ਚਿਰ ਵਿਚ ਮੁੰਡੂ ਫਲ ਲੈ ਕੇ ਆ ਜਾਂਦਾ ਹੈ।)

ਬਾਊਜੀ : (ਵੇਖਕੇ ਫਿਰ ਹੱਸਦਾ ਹੋਇਆ) ਕੀ ਲੈ ਆਇਆ ਹੈਂ ? ਅਮਰੂਦ ! ਸੇਬ ਨਹੀਂ ਲੈ ਆਇਆ ?

ਮੁੰਡੂ : ਅੱਜ ਕਸ਼ਮੀਰੀ ਸੇਅ ਨਹੀਂ ਆਏ । ਹਿਮਾਚਲੀ ਸੇਬ ਬਿਗਾਨੇ ਜਹੇ ਹਨ । ਛੋਟੇ ਸਰਦਾਰ ਨੇ ਬਾਈਕਾਟ ਕਰ ਦਿਤਾ ਹੈ ਹਿਮਾਚਲੀ ਸੇਆਂ ਦਾ ।

ਬੀਬੀ ਜੀ : ਖੱਟੇ ਹੁੰਦੇ ਨੇ ਕੁਲੂ ਦੇ ਸੇਅ ।

ਬਾਊਜੀ : ਪਰ ਗੋਲਡਨ ਜਾਂ ਪੀਲੇ ਸੇਅ ਤਾਂ ਚੰਗੇ ਹੁੰਦੇ ਹਨ ।

ਬੀਬੀ ਜੀ : ਕੀ ਮੁਕਾਬਲਾ ਏ ਫਾਰੂਕੀ ਸੇਆਂ ਨਾਲ ਕੀ ਰਾਮ ਰਾਮ ਕੀ ਟੈਂ ਟੈਂ !

ਦੁਪਹਿਰ ਹੋ ਗਈ, ਹਰੀਆ ਗਿਆ ਜਾਂ ਜਿਤਨੇ ਵਿਚ ਸੀ । ਪਰ 'ਮਾਸਟਰ ਕੀ' ਨਾਲ ਖੋਲ੍ਹਕੇ ਫ੍ਰਿਜ ਦੀ ਉਥੇ ਖੜੀ ਕਾਰ ਵਿਚ ਤਾਏ ਨੂੰ ਬਿਠਾ ਕੇ ਲੈ ਆਇਆ ਜਿਵੇਂ ਕਿਸੇ ਤੋਂ ਮੰਗੀ ਹੋਈ ਹੋਵੇ । ਖਾਣਾ ਬੈਠਕ ਵਿਚ ਲਗਾਇਆ ਗਿਆ । ਭਰਜਾਈ ਨੇ ਜੇਠ ਦੇ ਚਰਨ ਛੂਹੇ ਤੇ ਆਸ਼ੀਰਵਾਦ ਲਈ। ਤਾਇਆ ਸਾਗ ਦਾ ਸ਼ੌਕੀਨ ਨਹੀਂ ਸੀ । ਕਈ ਸਾਲ ਅਮਰੀਕਾ ਵਿਚ ਰਹਿੰਦੇ ਹੋਏ ਬਦੇਸ਼ੀ ਖਾਣੇ ਦਾ ਆਦੀ ਹੋ ਗਿਆ ਸੀ। ਸਾਗ ਵਿਚ ਬਾਥੂ ਦੀ ਕਮੀ ਕਰਕੇ ਇਹ ਕੌੜਾ ਖਾਰਾ ਹੋ ਗਿਆ ਸੀ। ਪਾਲੀ ਚੰਗੀ ਤਰ੍ਹਾਂ ਸੁੱਕਾ ਨਹੀਂ ਸੀ। ਘਿਉ ਤੇ ਪਾਣੀ ਮਿਲੇ ਜੁਲੇ ਸਨ । ਨਾ ਲਸਣ ਵਿਚ ਪਾਇਆ ਗਿਆ ਸੀ ਤੇ ਨਾ ਅਦਰਕ ਹੀ । ਮੱਕੀ ਦੇ ਪਰਾਂਠੇ ਤਲ ਕੇ ਬਣਾਏ ਗਏ ਸਨ । ਨਾਲ ਆਚਾਰ ਵੀ ਸੀ । ਦੋਵਾਂ ਪਿਉ-ਪੁਤਰਾਂ ਨੇ ਤਾਂ ਕਸਰ ਨਾ ਛਡੀ ਪਰ ਤਾਏ ਨੇ ਸਾਗ ਥੋੜਾ ਥੋੜਾ ਖਾਧਾ ਤੇ ਆਚਾਰ ਨਾਲ ਹੀ ਗੁਜ਼ਾਰਾ ਕੀਤਾ । ਜਦ ਉਸਨੂੰ ਬਹੁਤ ਮਜਬੂਰ ਕੀਤਾ ਗਿਆ ਕਿ ਸਾਗ ਬਹੁਤਾ ਖਾਵੇ ਤਾਂ ਉਸਨੂੰ ਉਲਟੀ ਆਉਣ ਦਾ ਅਹਿਸਾਸ ਹੋਇਆ । ਫਿਰ ਉਸਨੂੰ ਆਚਾਰ ਨਾਲ ਮੱਕੀ ਦੀ ਰੋਟੀ ਅੰਦਰ ਲੰਘਾਣੀ ਪਈ । ਇਸਦੇ ਬਾਦ ਕੜਾਹ ਦੀ ਪਲੇਟ ਆ ਗਈ । ਤਾਏ ਨੇ ਰੱਜ ਕੇ ਖਾ ਲਿਆ । ਉਹ ਆਪਣੇ ਗੁਰਦੁਆਰੇ ਦਾ ਪ੍ਰਧਾਨ ਰਹਿ ਚੁਕਾ ਸੀ। ਇਸ ਕਾਰਨ ਬਹੁਤ ਖਾਣ ਦਾ ਉਹਨੂੰ ਅਭਿਆਸ ਸੀ। ਦੂਜੀ ਪਲੇਟ ਵੀ ਮੁਕਾ ਛਡੀ, ਭਰਜਾਈ ਲਈ ਕੁਝ ਨਾ ਛਡਿਆ । ਰੋਟੀ ਖਾਣ ਦੇ ਬਾਅਦ ਫਲ ਦੀਆਂ ਪਲੇਟਾਂ ਆ ਗਈਆਂ ਇਕ ਕੇਲਿਆਂ, ਦੂਜੀ ਅਮਰੂਦਾਂ ਦੀ ਤੇ ਤੀਜੀ ਸੇਆਂ ਦੀ । ਤਾਏ ਨੇ ਹੱਥ ਜੋੜ ਦਿਤੇ ਤੇ ਫਲਾਂ ਲਈ ਮਾਫੀ



Sri Satguru Jagjit Singh Ji eLibrary NamdhariElibrary@gmail.com

ਮੰਗੀ। ਪਰ ਹਰੀਏ ਨੇ ਬਦੋਬਦੀ ਵਾਧੂ ਦੀ ਜੇਬ ਕਟੇ ਤੇ ਗੋਲ ਗੋਲ ਫਾੜੀਆਂ ਕੀਤੀਆਂ। ਵਿਚੋਂ ਉਹ ਸੇਬ ਬਾਹਰੀ ਨਿਕਲ ਆਏ ਪਰ ਹਰੀਏ ਨੇ ਬਾਹਰੀ ਪਾਸਾ ਕੱਟ ਦਿਤਾ ਤੇ ਚੰਗਾ ਪਾਸਾ ਤਾਏ ਨੂੰ ਪੇਸ਼ ਕੀਤਾ ਤੇ ਕਿਹਾ, "ਕਸ਼ਮੀਰੀ ਸੇਬ ਸਾਰੇ ਭਾਰਤ ਵਿਚ ਹਰਮਨ ਪਿਆਰਾ ਹੈ। ਪਾਕਿਸਤਾਨ ਵਿਚ ਤਾਂ ਦੁਰਲਭ ਹੈ। ਜੇ ਵਸ ਲਗੇ ਤਾਂ ਪਾਕੀ ਠੇਕੇਦਾਰ ਸੇਬਾਂ ਦਾ ਠੇਕਾ ਲੈ ਲੈਣ ਤਾਂ ਕਸ਼ਮੀਰ ਨੂੰ ਡਾਲਰਾਂ ਨਾਲ ਰਜਾ ਦੇਣ ਪਰ...ਏਸੇ ਸ਼ਾਇਦ ਪਾਕਿਸਤਾਨ ਵਿਚ ਕਸ਼ਮੀਰੀ ਸੇਬ ਦੀ ਵਧੇਰੇ ਦਰਾਮਦ ਹੋ ਜਾਏ!

ਪਰ ਤਾਏ ਨੇ ਇਕ ਫਾੜੀ ਖਾ ਕੇ ਬਸ ਕਰ ਦਿਤੀ ਤੇ ਕਿਹਾ ਕਿ 'ਅਮਰੀਕੀ ਸੇਬ ਖਾਸ ਕਰਕੇ ਕੈਲੀਫੋਰਨੀਆ ਦੇ ਕਟਣ ਵੇਲੇ ਉਹ ਖੁਸ਼ਬੂ ਛਡਦੇ ਹਨ ਜਿਵੇਂ ਸੈਂਟ ਦੀ ਸ਼ੀਸ਼ੀ ਦਾ ਮੂੰਹ ਖੁਲ ਗਿਆ ਹੋਵੇ। ਹਰੀਏ ਨੇ ਖੁਸ਼ ਹੋਕੇ ਸੁਣਿਆ ਤੇ ਕਿਹਾ ਕਿ ਕਸ਼ਮੀਰੀ ਸੇਬਾਂ ਦੇ ਬਾਗਾਂ ਦਾ ਠੇਕਾ ਲਵਾਂਗਾ ਤੇ ਕੈਲੀਫੋਰਨੀਆ ਦੇ ਸੇਬਾਂ ਦੀ ਪੋਧ ਲਾਵਾਂਗਾ। [illegible] ਨਾ ਪੋਧ ਵਿਚ ਵੇਖਣਾ ਮੈਂ ਕੀ ਕੁਝ ਕਰ ਸਕਦਾ ਹਾਂ। ਅਮਰੀਕੀ ਤੇ ਕਸ਼ਮੀਰੀ ਵਿਚ ਫਰਕ ਨਹੀਂ ਲਭੇਗਾ। ਹਰੀਏ ਨੇ ਕੀ ਬਾਗ ਲਾਉਣੇ ਤੇ ਕੀ ਸੰਭਾਲਣੇ? ਬਾਊਜੀ ਬੋਲ ਪਏ। ਇਸਨੂੰ ਗੁਲਦਾਊਦੀ ਤੇ ਕੈਕਟਸਾਂ ਵਿਚ ਫਰਕ ਨਹੀਂ ਲਗਦਾ। ਮੇਰਾ ਸਾਰਾ ਬਗੀਚਾ ਪੁਟ ਕੇ ਨਾਲੀ ਵਿਚ ਸੁਟ ਦਿਤਾ ਏ। ਬਨਸਪਤੀ ਦਾ ਕਾਮ ਕੀ ਜਾਣੇ ਘੋੜਾ? ਇਹ ਆਖਕੇ ਉਹ ਹੱਸ ਪਏ।

ਤੁਸੀਂ ਕੀ ਜਾਣੋ ਲੋਕਾਂ ਦਾ ਭਾਅ? ਦੁਨੀਆਂ ਬਦਲ ਗਈ ਹੈ। ਪਰ ਤੁਸੀਂ ਨਹੀਂ ਬਦਲੇ। ਇਕ ਫੀਸਦੀ ਵੀ ਨਹੀਂ। ਤਾਏ ਦਾ ਲਿਹਾਜ ਨਾ ਕਰਦੇ ਹੋਏ ਹਰੀਏ ਨੇ ਪਿਉ ਨੂੰ ਤੁਰਤ ਜਵਾਬ ਦਿਤਾ।

ਬਾਊਜੀ ਤੋਂ ਵੀ ਰਿਹਾ ਨਾ ਗਿਆ ਤੇ ਕਿਹਾ ਕਿ ਔਰੰਗਜ਼ੇਬ ਦੀ ਰੀਸ ਕਰਦਾ ਹੋਇਆ ਉਸਨੇ ਕੀ ਸਮਝਣੈ। ਇਸਦਾ ਸਲਾਹਕਾਰ ਗਵਾਂਢੀ ਹੈ ਜੋ ਔਰੰਗਜ਼ੇਬ ਨੂੰ ਇਤਹਾਸ ਦੇ ਚਮਕਦੇ ਸਿਤਾਰੇ ਦਸਦਾ ਹੈ। ਜੇ ਤੁਹਾਡੀ ਸਲਾਹ ਲੈਣ ਤਾਂ ਮੈਨੂੰ ਫਿਕਰ ਨਹੀਂ ਸੀ ਕੋਈ। ਪਰ ਇਹ ਤਾਂ ਨਿਪਤਿਆਂ ਦੇ ਹੱਥ ਪੈ ਗਿਆ ਹੈ। ਇਹਨੂੰ ਕੁਝ ਅਕਲ ਦਿਓ ਭਾਵੇਂ ਮੁਫਤ ਭਾਵੇਂ ਉਧਾਰੀ। ਇਹ ਆਖਕੇ ਬਾਊਜੀ ਹੱਸ ਪਏ ਤੇ ਤਾਇਆ ਵੀ ਹੱਸ ਪਿਆ ਤੇ ਕਿਹਾ, "ਅਜਕਲ ਦੇ ਨੌਜਵਾਨ, ਮਨਮੁੱਖੇ ਹਨ। ਕਿਸੇ ਦੀ ਨਹੀਂ ਸੁਣਦੇ। ਨੌਕਰਾਂ ਖਾਕੇ ਸਿਆਣੇ ਹੋਣਗੇ। ਰਲਣ ਦਿਓ ਇਹਨੂੰ ਆਪਣੀ ਚਾਲੇ। ਨਵੇਂ ਸਭਿਆਚਾਰ ਦੇ ਪ੍ਰਤੀਨਿਧ ਹਨ ਇਹ!

ਠੀਕ ਕਿਹਾ ਜੇ ਤਾਇਆ ਜੀ। ਅਸੀਂ ਕੈਕਟਸਾਂ ਨਾਲ ਖੁਸ਼ ਹਾਂ, ਤੁਸੀਂ ਕਾਫੀ ਮਾਣ ਚੁਕੇ ਹੋ ਫੁਲ ਫਲ। ਸਾਨੂੰ ਕੰਡੇ ਮੁਬਾਰਕ! ਪਰ ਦਸੋ ਤਾਇਆ ਜੀ, ਮੇਰੇ ਲਈ ਕੀ ਲੈ ਆਏ ਹੋ? ਫਟਾਕੇ ਫਟੂਕੇ? ਉਹ ਤਾਂ ਅਗਲਿਆਂ ਤੇ ਪਿਛਲਿਆਂ ਨੇ ਖੋਹ ਲਏ। ਕੋਈ ਗੱਲ ਨਹੀਂ, ਤੁਹਾਡੇ ਗਵਾਂਢੀ ਦੀ ਮਾਰਫਤ ਫਿਰ ਭੇਜ ਦਿਆਂਗਾ, ਤਾਏ ਨੇ ਕਿਹਾ। ਤੁਸੀਂ ਤਾਂ ਹੱਦ ਕਰ ਦਿਤੀ ਏ, ਮੇਰੀਆਂ ਆਸਾਂ ਤੇ ਪਾਣੀ ਫੇਰ ਦਿਤੇ। ਹਰੀਏ ਨੇ ਰੋਸ ਵਿਚ ਕਿਹਾ।

ਤਾਏ ਨੇ ਓਵਰ ਕੋਟ ਕਿੱਲੀ ਤੋਂ ਲਾਹ ਕੇ ਅੰਦਰਲਾ ਵਿਖਾਇਆ। ਜਿਸਦੇ ਉਪਰਲੇ ਗਰਦਨ ਵਾਲੇ ਪਾਸੇ ਨੂੰ ਬਲੇਡ ਨਾਲ ਕਟਿਆ ਤੇ ਫਿਰ ਵਿਚੋਂ ਡਾਲਰ ਕਢਕੇ ਮੇਜ਼ ਦੇ ਪਰਲੇ ਕੋਨੇ ਉਤੇ ਰਖਦਾ ਗਿਆ। ਹਰੀਏ ਨੂੰ ਗਿਣਨ ਲਈ ਕਿਹਾ। "ਇਕ, ਦੋ-ਤਿੰਨ...ਦਸ...ਪੰਜਾਹ...ਸੋ...ਦੋ ਸੋ...ਤਿੰਨ ਸੋ...ਪੰਜ ਸੋ - ਸੱਤ ਸੋ...ਨੌਂ ਸੋ...ਹਜ਼ਾਰ। ਹਰੀਏ ਨੂੰ ਸਾਹ ਚੜ੍ਹ ਗਿਆ। ਖੁਸ਼ੀ ਨਾਲ ਬਾਗ ਬਾਗ ਹੋ ਗਿਆ। ਆਪਣਾ ਅਟੈਚੀ ਲਿਆਕੇ ਉਸ ਵਿਚ ਰਖ ਦਿਤੇ ਅਤੇ ਜਾ ਕੇ ਆਪਣੇ ਚੋਰ ਕਮਰੇ ਵਿਚ ਰਖ ਆਇਆ।

ਮੈਨੂੰ ਨੀਂਦਰ ਆਈ ਏ, ਤਾਏ ਨੇ ਕਿਹਾ। ਚਲੋ ਚਲੀਏ। ਭਰਜਾਈ ਨੂੰ ਸਤਿ ਸ੍ਰੀ ਅਕਾਲ ਕਹਿ ਦੇਣਾ।—ਅੱਛਾ ਭਾ ਜੀ ਅੱਜ ਸ਼ਾਮ ਡਿਨਰ ਲਈ ਆ ਜਾਣਾ। ਗੱਪ ਸ਼ਪ ਮਾਰਾਂਗੇ। ਬਾਊਜੀ ਨੇ ਉਤਰ ਦਿਤਾ "ਪੁਛ ਲਵੋ ਆਪਣੇ ਭਤੀਜੇ ਤੋਂ ਕਿ ਕਿਸੇ ਪਾਕ ਦੋਸਤ ਨੂੰ ਤਾਂ ਨਹੀਂ ਬੁਲਾਇਆ। ਨਾਲੇ ਜਲਦੀ ਚਲੋ ਕਿਤੇ ਕਾਰ ਦਾ ਮਾਲਕ ਥਾਣੇ ਨੂੰ ਟੈਲੀਫੂਨ ਨਾ ਕਰ ਦੇਵੇ।

ਬਾਊਜੀ, ਚਿੰਤਾ ਨਾ ਕਰੋ ਥਾਣੇਦਾਰ ਮੇਰਾ ਗੁਰਭਾਈ ਹੈ। "ਹਾਂ ਗੁਰਭਾਈ?"

ਹਰੀਏ ਨੇ ਗੱਡੀ ਚਲਾਈ ਹੀ ਸੀ ਕਿ ਉਹਦੀ ਮਾਂ ਨੇ ਆਵਾਜ਼ਾਂ ਮਾਰੀਆਂ ਕਿ ਕਾਫੀ ਮੇਜ਼ ਤੇ ਧਰ ਦਿਤੀ ਗਈ ਹੈ, ਪੀਕੇ ਜਾਣਾ। ਤਾਇਆ ਤੇ ਭਤੀਜਾ ਮੁੜ ਆਏ। ਕਾਫੀ ਪੀਤੀ ਅਤੇ ਫਿਰ ਚਲੇ ਗਏ। ਬੀਬੀ ਜੀ ਉਨ੍ਹਾਂ ਨੂੰ ਬੂਹੇ ਤਕ ਛੋੜ ਕੇ ਅਤੇ ਹਰੀਏ ਦੇ ਕੰਨ ਵਿਚ ਫੂਕ ਮਾਰ ਕੇ ਆਈ।

ਖਾਣਾ ਖਾਕੇ ਬਾਊਜੀ ਲੇਟ ਗਏ। ਬੀਬੀ ਜੀ ਨੇ ਆਪਣੇ ਨਵੇਂ ਬਗੀਚੇ ਦੇ ਦਰਸ਼ਨ ਕੀਤੇ। ਸ਼ਾਮ ਨੂੰ ਮਿਲਣ ਗਿਲਣ ਵਾਲੇ ਆ ਗਏ। ਫੇਰ ਟੀ ਵੀ. ਤੇ ਖਬਰਾਂ ਸੁਣੀਆਂ।



Sri Satguru Jagjit Singh Ji eLibrary NamdhariElibrary@gmail.com

ਨਾਟਕ ਵੀ ਵੇਖਿਆ। ਪ੍ਰੋਫੈਸਰਾਂ ਦੀ ਗੋਸ਼ਟੀ ਵੀ ਦਿਲਚਸਪ ਪ੍ਰੋਗਰਾਮ ਵਿਚ ਸੁਣੀ। ਇਸ ਤਰ੍ਹਾਂ ਜਾਪਿਆ ਕਿ ਬੋਲਣ ਵਾਲੇ ਇਕ ਦੂਜੇ ਨਾਲ ਮੁਕਾਬਲਾ ਕਰ ਰਹੇ ਹਨ ਕਿ ਕੌਣ ਬਹੁਤਾ ਬੋਲਦਾ ਹੈ ਅਤੇ ਵਾਹੀਆਂ ਬਹੁਤੀਆਂ ਲੈਂਦਾ ਹੈ। ਬਾਊਜੀ ਹੋਟਲ ਨਾ ਰਹੇ। ਪੁੱਛਣ ਤੇ ਕਿਹਾ ਕਿ ਮੱਕੀ ਦੀ ਰੋਟੀ ਤੇ ਸਾਗ ਨਹੀਂ ਮਿਲਿਆ ਸੀ। ਚਾਹ ਪੀਕੇ ਡੰਗ ਟਪਾ ਲਿਆ। ਪਾਨ ਵਾਲੇ ਕਮਰੇ ਵਿਚ ਗਏ ਤੇ ਸੰਤੋਖਣ ਦਾ ਕਰਜ਼ ਨਿਭਾਇਆ। ਫੇਰ ਚੁਪ ਕਰਕੇ ਇਕ ਵਖਰੇ ਕਮਰੇ ਵਿਚ ਸੌਂ ਗਏ। ਹਰੀਆ ਬਾਰਾਂ ਵਜੇ ਆਇਆ। ਮਾਂ ਨੂੰ ਜਾਗਦਾ ਤੇ ਪਿਉ ਨੂੰ ਸੁੱਤਾ ਵੇਖਕੇ ਹੋਟਲ ਦੀ ਵਾਰਤਾ ਮਾਂ ਦੇ ਕੋਲ ਬੈਠ ਕੇ ਸੁਣਾਈ। ਬਾਊਜੀ ਜਾਗ ਗਏ। ਪਰ ਪਾਸਾ ਪਰਤੇ ਬਿਨਾਂ ਮਚਲਾ ਹੋ ਕੇ ਸੁਣਦੇ ਰਹੇ।

"ਮਾਂ ਜੀ ਗਲ ਸੁਣਨ ਵਾਲੀ ਤੇ ਚੇਤੇ ਰਖਣ ਵਾਲੀ ਦੀ। ਯੋਗੀ ਦੇ ਨਾਲ ਇਕ ਗੋਰਾ ਸੀ। ਚਿੱਟੀ ਚਮੜੀ ਵਾਲਾ ਉਸ ਨੂੰ, "ਹਾਹਾ ਸੌਂ!" ਕਹਿੰਦੇ ਸਨ। ਉਹ ਦੂਰ ਘਰ ਤੋਂ ਆਇਆ ਸੀ। ਪਹਿਲਾਂ ਚਿੱਠੀ ਪੱਤਰੀ ਆਈ ਹੋਣੀ ਏ। ਉਹ ਇਕ ਨਕਸ਼ਾ ਲਈ ਬੈਠਾ ਸੀ। ਇਸ ਦੇ ਚਾਰੇ ਪਾਸਿਆਂ ਤੋਂ ਸੂਬੇ ਕਤਰ-ਕਤਰ ਕੇ ਢੇਰੀ ਲਾਈ ਜਾਂਦਾ ਸੀ। ਕਿਉਂ? ਮੈਨੂੰ ਸਮਝ ਨਹੀਂ ਆਈ। ਮੈਂ ਤਾਂ ਯੋਗੀ ਨੂੰ ਦੇਖਦਾ ਰਿਹਾ। ਉਹ ਹੌਲੀ ਹੌਲੀ ਗਲਾਂ ਕਰ ਰਿਹਾ ਸੀ। ਸੁਣਨ ਵਾਲੇ ਲੀਡਰ ਸਨ। ਚੋਟੇ ਚੋਟੇ ਪੰਜ-ਛੇ ਹੋਣਗੇ। ਗੂੜ੍ਹੀਆਂ ਗਲਾਂ ਕਰ ਰਹੇ ਸਨ। ਸੁਣ ਰਹੇ ਓ ਨਾ ਬੀਬੀ ਜੀ। ਕਿਤੇ ਸੌਂ ਤਾਂ ਨਹੀਂ ਗਏ।...ਮਾਂ ਨੇ ਹੁੰਗਾਰਾ ਭਰਿਆ—ਮੈਨੂੰ ਤਾਏ ਦੀ ਥਾਂ ਤੇ ਤਾਏ ਸੌਮ ਨੇ ਇਕ ਪਾਸੇ ਕਰਕੇ ਮੇਰਾ ਹਾਲ ਤੇ ਓਮਕਾਰ ਬਾਰੇ ਪੁੱਛਿਆ। ਸੁਣਕੇ ਬਹੁਤ ਪ੍ਰਸੰਨ ਹੋਇਆ ਕਿ ਮੈਂ ਕੋਕਟਾਈ ਦੀ ਫਾਰਮ ਬਣਾ ਰਿਹਾ ਹਾਂ। ਹੋਰ ਕਈ ਨੌਜਵਾਨ ਜਿੰਮੇਵਾਰ ਮੇਰੇ ਨਾਲ ਸਹਿਮਤ ਹਨ। ਉਸ ਨੇ ਮੈਨੂੰ ਸਪਾਨਸਰ ਕਰਨ ਦਾ ਵਿਸ਼ਵਾਸ ਦੁਆਇਆ ਅਤੇ ਮੈਨੂੰ ਕੁਝ ਮਾਇਆ ਦਿੱਤੀ। ਉਤਸ਼ਾਹ ਵੀ ਬਹੁਤ ਦਿਤਾ। ਉਹ ਸਾਡਾ ਇਤਿਹਾਸ ਵੀ ਜਾਣਦਾ ਹੈ ਅਤੇ ਸਾਡੀ ਬਾਣੀ ਵੀ ਕਿੰਨੀ ਯਾਦ ਹੈ ਉਸ ਨੂੰ। ਹਿਤੂ ਹੈ ਸਾਡਾ। ਪੰਜਾਬੀ ਇਸ ਤਰ੍ਹਾਂ ਬੋਲਦਾ ਸੀ ਜਿਵੇਂ ਅੰਗਰੇਜ਼ ਬੋਲਦੇ ਸਨ, ਜਦੋਂ ਉਹਨਾਂ ਦਾ ਰਾਜ ਸੀ। ਉਹ ਸਾਡਾ ਕੁਝ ਨਹੀਂ ਕਰ ਰਹੇ...।

ਬਾਊਜੀ ਨੂੰ ਖੰਘ ਆਈ ਤੇ ਉਠ ਬੈਠੇ। ਫਿਰ ਬਾਥਰੂਮ ਖੜਕਿਆ। ਹਰੀਆ ਚੁਪ ਕਰਕੇ ਆਪਣੇ ਮੰਜੇ ਉਤੇ ਲੇਟ ਗਿਆ। ਬਾਊਜੀ ਵਾਪਸ ਆ ਕੇ ਘਰਾੜੇ ਮਾਰਨ ਲਗ ਪਏ। ਹਰੀਆ ਫਿਰ ਮਾਂ ਦੇ ਕੋਲ ਗਿਆ ਤੇ ਹੌਲੀ ਹੌਲੀ ਗਲਾਂ ਕਰਨ ਲਗਾ। ਬੀਬੀ ਜੀ ਨੇ ਕਿਹਾ, "ਬਾਕੀ ਕੱਲ ਸਹੀ। ਹੁਣ ਤੂੰ ਵੀ ਸੌਂ ਜਾ।" ਪਰ ਇਕ ਗਲ ਮੇਰੀ ਸੁਣ ਲਵੋ। ਮੈਨੂੰ ਉਹ ਲੈ ਗਿਆ ਆਪਣੇ ਸੌਣ ਵਾਲੇ ਕਮਰੇ ਤੇ ਕਢਕੇ ਦਿਤਾ ਮੈਨੂੰ ਇਕ ਆਟੋਮੈਟਿਕ ਤੇ ਕਿਹਾ, "ਇਹ ਮੇਰੇ ਪਿਆਰ ਦੀ ਚਿਹਨ ਹੈ। ਇਹਨੂੰ ਜੰਗ ਨਾ ਲਗਣ ਦੇਈਂ। ਤੇ ਨਾ ਹੀ ਫਰਿਜ ਵਿਚ ਰਖੀਂ ਇਹਨੂੰ। ਜਦ ਆਵਾਂਗਾ ਨਾ ਸਾਡੇ ਦੇਸ ਤਾਂ ਪੁਛਾਂਗਾ ਮੈਂ ਕਿ ਕਿੰਨੀਆਂ ਚਿੜੀਆਂ ਮਾਰੀਆਂ ਹਨ ਤੇ ਕਿਤਨੀਆਂ ਲਾਲੀਆਂ ਤੇ ਘੋੜਾ ਕਾਂ?...

ਕੀ ਮਤਲਬ? ਮਾਂ ਨੇ ਪੁੱਛਿਆ। ਨਾਲੇ ਬਾਊਜੀ ਨੇ ਆਪਣੇ ਕਮਰੇ ਦੀ ਬੱਤੀ ਜਗਾ ਦਿਤੀ। ਹਰੀਆ ਬਿੱਲੀ ਵਾਂਗ ਚੁਪਚਾਪ ਆਪਣੇ ਪਲੰਘ ਤੇ ਜਾ ਸੁੱਤਾ ਅਤੇ ਅਟੋਮੈਟਿਕ ਨੂੰ ਆਪਣੇ ਸੀਨੇ ਨਾਲ ਲਾਈ ਰਖਿਆ। ×

---

## ਰੁਬਾਈਆਂ

—ਨਵਰਾਹੀ ਘੁਗਿਆਣਵੀ—

(੧)

ਪੁੱਠੇ ਜੇਕਰ ਹੁਕਮ ਖੁਦਾ ਦੇ, ਕੀ ਫਿਰ ਉਹਦੀ ਖ਼ੁਦਾਈ?
ਇਸ਼ਕ ਕਿਹਾ ਜੋ ਹਉਕੇ ਭਰਦਾ, ਗੁੰਮ-ਸੁੰਮ ਰਹੀ ਸੱਚਾਈ!
ਕਿਧਰੇ ਮੇਰਾ ਦਰਦ ਅਨੋਖਾ, ਬਣ ਨਾ ਜਾਏ ਖਲਾਵਤ,
'ਨਵਰਾਹੀ' ਹਰ ਸੀਨਾ ਪੀੜਤ, ਉਲਝੀ ਹੋਈ ਲੋਕਾਈ!

(੨)

ਮੇਰੀ ਜਾਚੇ ਇਹ ਜੀਵਨ ਹੈ, ਦੋ ਘੜੀਆਂ ਦੀ ਫੇਰੀ!
ਉਹ ਘੜੀਆਂ ਵੀ ਮੁੱਕਣ ਲੱਗੀਆਂ, ਕਰਦਿਆਂ ਤੇਰੀ-ਮੇਰੀ!
ਆਏ, ਬੈਠੇ, ਟਰ ਪਏ ਰਾਹੀ, ਪਿੰਡਾਂ ਵਾਲੇ ਗੇੜੇ,
"ਨਵਰਾਹੀ" ਕੌਣੀ ਇਹ ਗੱਲ ਪਾਵੇ ਕਰਕੇ ਨਜ਼ਰ ਉਚੇਰੀ!

(੩)

ਅਣਖ ਅਹਿਸਾਨੀ ਦੇ ਨਹੀਂ ਸਕਦੀ, ਗੈਰਤ ਹੋਏ ਨਾ ਛੀਟੀ!
ਖੁੱਲ੍ਹ ਛਹਾ ਕੇ ਕਿਵੇਂ ਤ੍ਰਿਪਤਣ, ਜਿਨ੍ਹਾਂ ਰੱਜ ਰੱਜ ਪੀਤੀ!
ਅੰਤਹਕਰਣ ਸਜਿੰਦ ਜੇ ਹੋਵੇ, ਮਸਲ੍ਹਾ ਕੋਈ ਨਾ ਰਹਿੰਦਾ!
'ਨਵਰਾਹੀ' ਨਾ ਬੁੱਝੇ ਕਦੇ ਵੀ, ਵਿਸ਼ਵਾਸਾਂ ਦੀ ਵੀਟੀ!



Sri Satguru Jagjit Singh Ji eLibrary NamdhariElibrary@gmail.com

ਲਖ-ਲੜੀ ਨੰ: ੧

# ਚਾਨਣ ਦਾ ਅਮੁਕ ਇਤਿਹਾਸ

—ਡਾ: ਈਸ਼ਰ ਸਿੰਘ 'ਤਾਂਘ'

ਪ੍ਰਿੰਸੀਪਲ, ਸ੍ਰੀ ਗੁਰੂ ਹਰੀ ਸਿੰਘ ਕਾਲਜ
ਸ੍ਰੀ ਜੀਵਨ ਨਗਰ

ਸੰਸਾਰ ਦੇ ਵੱਖ ਵੱਖ ਦੇਸ਼ਾਂ ਅਤੇ ਉਥੇ ਪ੍ਰਚਲਤ ਧਰਮਾਂ ਵਿਚ ਸੰਸਾਰ ਦੇ ਆਰੰਭ ਦੀ ਵੱਖ ਵੱਖ ਮਿੱਥਕ ਕਥਾ ਹੈ, ਪਰ ਉਨ੍ਹਾਂ ਅੰਦਰ ਇਕ ਸਦੀਵੀ ਸਾਂਝੀ ਸਚਾਈ ਹੈ ਕਿ ਅਕਾਲ ਪੁਰਖ ਨੇ ਅਰਬਾਂ-ਖਰਬਾਂ ਵਰ੍ਹਿਆਂ ਤੋਂ ਧੁੰਦ ਰੂਪ ਵਿਚ ਫੈਲੀ ਸ੍ਰਿਸ਼ਟੀ ਨੂੰ ਇਕ ਰੂਪ ਦਿੱਤਾ, ਇਕ ਆਕਾਰ ਦਿੱਤਾ। ਉਸ ਨੇ ਸਵੈ-ਇੱਛਾ ਨਾਲ ਸਾਰੀ ਕੁਦਰਤ ਦੀ ਰਚਨਾ ਕੀਤੀ। ਹਰ ਵਸਤੂ ਨੂੰ ਰੂਪ ਅਤੇ ਆਕਾਰ ਦਿੱਤਾ। ਧੁੰਧੂਕਾਰ ਨੂੰ ਚਾਨਣ ਵਿਚ ਬਦਲ ਦਿੱਤਾ ਅਤੇ ਸਭ ਕੁਝ ਨਿਰਾਕਾਰ ਤੋਂ ਸਾਕਾਰ ਹੋ ਗਿਆ। ਕਾਦਰ ਦੀ ਕੁਦਰਤ ਅਤੇ ਕੁਦਰਤ ਦੀ ਕਾਰੀਗਰੀ ਨੇ ਅਜਿਹੇ ਰੂਪ ਧਾਰਨ ਕੀਤੇ, ਜਿਹੜੇ ਹੁਣ ਵੀ ਮਨੁੱਖ ਦੇ ਗਿਆਨ ਅਤੇ ਵਿਗਿਆਨ ਲਈ ਇਕ ਵੰਗਾਰ ਬਣੇ ਹੋਏ ਹਨ।

ਕਾਦਰ ਦੇ ਇਸ ਕਰਿਸ਼ਮੇ ਨੂੰ 'ਚਾਨਣ' ਦਾ ਨਾਂ ਦੇ ਕੇ ਵੀ ਅਸੀਂ ਇਸ ਦੇ ਇਤਿਹਾਸ ਦੀ ਖੋਜ ਕਰ ਸਕਦੇ ਹਾਂ। ਇਹ ਚਾਨਣ ਸ਼ਾਇਦ ਮਨੁਖ ਦੇ ਜਨਮ ਨਾਲ ਹੀ ਫੈਲਿਆ, ਪਰ ਸਾਡੇ ਕੋਲ ਹਜ਼ਾਰਾਂ/ਲੱਖਾਂ ਸਾਲ ਪਿੱਛੇ ਜਾਣ ਵਾਸਤੇ ਸਾਧਨ ਮੌਜੂਦ ਨਹੀਂ ਹਨ, ਇਸ ਲਈ ਅਸੀਂ ਮਨੁਖੀ ਸਾਧਨਾਂ ਦੇ ਘੇਰੇ ਅੰਦਰ ਰਹਿ ਕੇ ਹੀ ਅਧਿਐਨ ਕਰ ਸਕਦੇ ਹਾਂ।

ਸੰਸਾਰ ਵਿਚ ਜਿਤਨੇ ਵੀ ਸੋਮੇ ਪ੍ਰਾਪਤ ਹਨ, ਉਨ੍ਹਾਂ ਵਿਚੋਂ ਸਭ ਤੋਂ ਪੁਰਾਤਨ ਰਚਨਾ ਰਿਗ ਵੇਦ ਹੈ। ਰਿਗ ਸ਼ਬਦ ਦਾ ਅਰਥ ਮੰਤਰ ਜਾਂ ਸਲੋਕ ਹੈ ਅਤੇ ਵੇਦ ਦਾ ਅਰਥ ਗਿਆਨ ਹੈ। ਅਰਥਾਤ ਮੰਤਰਾਂ ਜਾਂ ਸਲੋਕਾਂ ਵਿਚ ਰਚਿਆ ਗਿਆ ਗਿਆਨ। ਇਸ ਨਾਂ ਤੋਂ ਹੀ ਇਹ ਸੰਕੇਤ ਮਿਲ ਜਾਂਦਾ ਹੈ ਕਿ ਸਰੀਰ-ਧਾਰੀ ਮਹਾਂਪੁਰਖਾਂ ਨੇ ਸਾਧਾਰਣ ਮਨੁਖਾਂ ਨੂੰ ਸਿੱਧੇ ਰਾਹ ਤੇ ਤੋਰਨ ਲਈ ਗਿਆਨ-ਦਾਨ ਕੀਤਾ। ਇਸ ਤਰ੍ਹਾਂ ਗਿਆਨ ਦੇ ਆਦਾਨ-ਪ੍ਰਦਾਨ ਦਾ ਸੰਬੰਧ ਮਨੁਖਾਂ ਨਾਲ ਹੈ ਅਤੇ ਇਕ ਵਿਸ਼ਿਸ਼ਟ ਸਰੂਪ ਹੀ ਗਿਆਨ ਦਾਨ ਕਰਨ ਦਾ ਅਧਿਕਾਰੀ ਹੋ ਸਕਦਾ ਹੈ।

ਰਿਗ ਵੇਦ ਵਿਚ ਦਰਜ ਗਿਆਨ ਸੰਬੰਧੀ ਰਿਸ਼ੀਆਂ-ਮੁਨੀਆਂ ਨੇ ਸਮੇਂ ਸਮੇਂ ਵੇਖਿਆ। ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇਸ ਰੱਬੀ ਗਿਆਨ ਰੂਪੀ ਚਾਨਣ ਨੂੰ ਉਨ੍ਹਾਂ ਨੇ ਵੇਖਿਆ। ਕਈ ਸੈਂਕੜੇ ਵਰ੍ਹੇ ਇਹ ਗਿਆਨ ਵਿਕੱਤਰ ਹੁੰਦਾ ਚਲਾ ਗਿਆ, ਜਿਸ ਨੂੰ ਮਗਰੋਂ ਸੰਕਲਨ ਕਰ ਕੇ ਸਾਂਭ ਲਿਆ ਗਿਆ।

ਇਸ ਗਿਆਨ ਨੂੰ ਮਨੁਖ ਜਾਤੀ ਦੇ ਆਰੰਭ-ਕਾਲ ਦਾ ਗਿਆਨ ਕਿਹਾ ਜਾਂਦਾ ਹੈ; ਪਰ ਇਹ ਗੱਲ ਇੰਜ ਨਹੀਂ ਹੈ, ਕਿਉਂਕਿ ਇਸ ਤੋਂ ਵੀ ਪਿੱਛੇ ਜਾ ਕੇ ਚਾਨਣ ਦੇ ਦਰਸ਼ਨ ਕਰਨ ਲਈ ਸਾਨੂੰ ਸਾਧਨ ਨਹੀਂ ਲੱਭਦੇ। ਜਦੋਂ ਇਹ ਗਿਆਨ ਰਿਸ਼ੀਆਂ ਨੂੰ ਪ੍ਰਾਪਤ ਹੋਇਆ, ਤਾਂ ਉਨ੍ਹਾਂ ਨੇ ਲੋਕ ਕਲਿਆਣ ਲਈ ਇਸ ਦਾ ਪ੍ਰਚਾਰ ਕੀਤਾ। ਕਿਉਂਕਿ ਗਿਆਨ ਵੰਡਣ ਲਈ ਹੁੰਦਾ ਹੈ, ਸਾਂਭ ਕੇ ਅੰਦਰ ਛੁਪਾ ਲੈਣ ਲਈ ਨਹੀਂ। ਦਰਅਸਲ ਗਿਆਨ ਦੀ ਦਾਤ ਮਹਾਂਪੁਰਖ ਤੋਂ ਹੀ ਪ੍ਰਾਪਤ ਹੁੰਦੀ ਹੈ। ਰਿਗ ਵੇਦ ਦੇ ਇਕ ਮੰਤਰ ਅਨੁਸਾਰ— "ਅਸੀਂ ਹਨੇਰੇ ਨੂੰ ਪਿੱਛੇ ਛੱਡ ਆਏ ਹਾਂ ਤੇ ਹੁਣ ਉਹ ਪਰਮ ਜੋਤ ਸਾਡੇ ਸਾਹਮਣੇ ਚਮਕ ਰਹੀ ਹੈ।"

ਸਾਧਾਰਣ ਮਨੁਖ ਨੂੰ ਪਰਮ ਜੋਤ ਦੀ ਸੋਝੀ ਕਰਾਉਣ ਵਾਲਾ ਮਹਾਂਪੁਰਖ ਹੀ ਹੋ ਸਕਦਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਦੇਹਧਾਰੀ ਮਹਾਂਪੁਰਖਾਂ ਦੀ ਲੋੜ ਆਰੰਭ ਤੋਂ ਹੀ ਚਲੀ ਆ ਰਹੀ ਹੈ, ਤਾਕਿ ਇਕ ਜਾਗਦੀ ਜੋਤ ਸਾਧਾਰਣ ਮਨੁਖ ਨੂੰ ਉਸ ਪਰਮ ਜੋਤ ਨਾਲ ਜੋੜ ਸਕੇ।

ਚਾਨਣ ਦੇ ਇਸ ਪੁੰਜ ਬਾਰੇ ਰਿਗ ਵੇਦ ਵਿਚ ਸਪਸ਼ਟ ਉਲੇਖ ਆਇਆ ਹੈ 'ਕੋਈ ਵੀ ਜਾਗਦੀ ਜੋਤ ਬਾਲਗ ਜਾਂ ਨਾਬਾਲਗ ਨਹੀਂ ਹੁੰਦੀ। ਉਸ ਦੀ ਮਹਾਨਤਾ ਸਰਬ-ਉਤਮ ਹੁੰਦੀ ਹੈ ਅਤੇ ਸੰਦੇਹ ਰਹਿਤ ਵੀ।' (ਰਿਗ ਵੇਦ ੮-੩੦-੧) ਇਸ ਤਰ੍ਹਾਂ ਜਦੋਂ ਕਦੇ ਬਾਲਕ ਰੂਪ ਵਿਚ ਕੋਈ ਜਾਗਦੀ ਜੋਤ ਪ੍ਰਗਟ ਹੁੰਦੀ ਹੈ, ਤਾਂ ਸਾਨੂੰ ਉਸ ਦੀ ਉਮਰ ਤੋਂ ਨਹੀਂ ਸਗੋਂ ਉਸਦੀ ਸਿੱਧੀ ਤੇ ਸਾਧਨਾ ਨੂੰ ਸੰਦੇਹ ਮੁਕਤ ਹੋ ਕੇ ਸਵੀਕਾਰ ਕਰਨਾ ਹੁੰਦਾ ਹੈ।

ਰਿਗ ਵੇਦ ਵਿਚ ਇਸ ਕਥਨ ਦੇ ਪੂਰੇ ਪ੍ਰਮਾਣ ਮਿਲਦੇ ਹਨ, ਕਿ ਪਰਮਜੋਤ ਦਾ ਵੀ ਇਕ ਸਰੂਪ ਹੈ। ਇੰਦਰ ਉਸ ਕਾਲ ਦਾ ਪ੍ਰਭੂ ਹੈ, ਤੇ ਉਹ ਮਨੁੱਖੀ ਜਾਮੇ ਵਾਲਾ ਹੈ। ਉਸ ਦੀ ਦਾੜ੍ਹੀ ਹੈ, ਉਸ ਦੀਆਂ ਪੀਲੇ ਰੰਗ ਦੀਆਂ ਮੁੱਛਾਂ ਹਨ, ਉਸਦੀ ਪਤਨੀ ਵੀ ਹੈ, ਉਸ ਨੇ ਬਸਤਰ ਵੀ ਧਾਰਣ ਕੀਤੇ



Sri Satguru Jagjit Singh Ji eLibrary NamdhariElibrary@gmail.com

ਹੋਏ ਹਨ। ਅਜਿਹੇ ਸਰੂਪ ਤੋਂ ਸਿੱਧ ਹੁੰਦਾ ਹੈ ਕਿ ਉਸ ਕਾਲ ਵਿਚ ਮਨੁੱਖ ਨੂੰ ਅਧਿਆਤਮ ਮਾਰਗ ਤੇ ਚਲਾਣ ਲਈ ਰਿਸ਼ੀਆਂ ਦੇ ਰੂਪ ਵਿਚ ਮਹਾਂਪੁਰਖ ਪ੍ਰਗਟ ਹੋਏ ਸਨ। ਅਤੇ ਉਹ ਮਨੁੱਖ ਜਾਤੀ ਦੇ ਭਲੇ ਲਈ ਆਤਮਕ ਅਤੇ ਕਲਿਆਣ-ਕਾਰੀ ਸੰਦੇਸ਼ ਦੇਂਦੇ ਰਹੇ ਸਨ—

"ਅਗਿ! ਦੇਵਤਿਆਂ ਦੀ ਬੁੱਧੀ ਦੇ ਜਗੋ, ਤਾਂਕਿ ਜੀਵਨ ਸਫਲ ਹੋਵੇ। ਇਹ ਬੁੱਧੀ ਬਹੁਤ ਵਿਨਾਸ਼ ਤੋਂ ਰਖਿਆ ਕਰਨ ਵਾਲੀ ਹੈ। ਇਹ ਕਲਿਆਣਕਾਰੀ, ਦੁਖ ਰਹਿਤ ਅਤੇ ਅਪਰਾਧ ਰਹਿਤ ਹੈ।' ਰਿਗ ਵੇਦ (੧੦ ਸੂਕ੍ਤ-੧) ਮਨੁੱਖੀ ਜੀਵਨ ਨੂੰ ਉਤਮ ਤੇ ਪਵਿੱਤਰ ਬਨਾਣ ਲਈ ਮਨੁੱਖ ਦੇ ਅੰਦਰ ਹੀ ਨਹੀਂ, ਸਗੋਂ ਉਸ ਦੀ ਸਰੀਰਕ ਪਵਿੱਤਰਤਾ ਵੀ ਜ਼ਰੂਰੀ ਹੈ। ਅੰਦਰੋਂ ਬਾਹਰੋਂ ਪਵਿੱਤਰ ਮਨੁੱਖ ਹੀ ਪੂਰਨ ਹੈ। ਰਿਗ ਵੇਦ ਵਿਚ ਸਰੀਰ ਦੀ ਪਵਿੱਤਰਤਾ ਨੂੰ ਵੀ ਉਚਾ ਦਰਜਾ ਦਿਤਾ ਗਿਆ ਹੈ—

'ਜਲ ਦੀਆਂ ਧਾਰਾਂ ਉਨ੍ਹਾਂ ਘੋੜੀਆਂ ਵਾਂਗ ਹਨ, ਜੋ ਸਾਡੇ ਸਰੀਰ ਦੀ ਗੰਦਗੀ ਨੂੰ ਰੋਹੜ ਕੇ ਲੈ ਜਾਂਦੀਆਂ ਹਨ। ਮਨੁੱਖ ਜਦੋਂ ਜਲ ਵਿਚ ਚੁਭੀ ਲਾ ਕੇ ਬਾਹਰ ਨਿਕਲਦਾ ਹੈ, ਤਾਂ ਉਹ ਆਪਣੇ ਆਪ ਨੂੰ ਸ਼ੁੱਧ ਤੇ ਪਵਿੱਤਰ ਅਨੁਭਵ ਕਰਦਾ ਹੈ।' (ਰਿਗ ਵੇਦ ੧੦-੧੭-੧੦)

ਰਿਸ਼ੀਆਂ ਨੇ ਭੁਲਣਹਾਰ ਜੀਵਾਂ ਦੀ ਆਤਮ-ਸ਼ੁੱਧੀ ਕਰਨ ਲਈ ਅਰਦਾਸ ਦੀ ਪਿਰਤ ਵੀ ਪਾਈ। ਅਰਦਾਸ ਮਨ ਦੀ ਮੈਲ ਵੀ ਦੂਰ ਕਰਦੀ ਹੈ, ਤੇ ਨਿਮਰਤਾ ਵਰਗੇ ਮਹਾਨ ਗੁਣ ਵੀ ਪੈਦਾ ਕਰਦੀ ਹੈ। ਇਕ ਮੰਤਰ ਅਨੁਸਾਰ—

'ਹੇ ਦੇਵ! ਅਸੀਂ ਮੰਨਦੇ ਹਾਂ, ਕਿ ਅਸੀਂ ਹਰ ਰੋਜ਼ ਤੁਹਾਡੇ ਹੁਕਮਾਂ ਦੀ ਉਲੰਘਣਾ ਕਰ ਜਾਂਦੇ ਹਾਂ। ਫਿਰ ਵੀ ਅਸੀਂ ਤੇਰੀ ਪਰਜਾ ਹਾਂ। ਸਾਡੇ ਨਾਲ ਗੁੱਸੇ ਕੇ ਸਾਡੇ ਉਤੇ ਕਰੋਧ ਨਾ ਕਰ, ਕਿਉਂਕਿ ਅਸੀਂ ਸਾਧਾਰਣ ਮਨੁੱਖ ਹਾਂ। ਸਾਡੇ ਪਾਪ ਨਸ਼ਟ ਕਰੋ ਤੇ ਸਾਡੀ ਰਖਿਆ ਕਰੋ।"

ਮਨੁੱਖ ਦੇ ਜੀਵਨ ਵਿਚ 'ਕਰਮ' (ਕੰਮ) ਦੀ ਬਹੁਤ ਮਹਾਨਤਾ ਰਹੀ ਹੈ। ਸਾਧੂ, ਸੰਨਿਆਸੀ ਬਣ ਕੇ ਕਰਮਹੀਣ ਜੀਵਨ ਮਨੁੱਖ ਲਈ ਸ਼ੋਭਾ ਨਹੀਂ ਦੇਂਦਾ। ਯਜੁਰ ਵੇਦ ਅਨੁਸਾਰ—

'ਕਰਮ ਕਰਦਿਆਂ ਹੋਇਆਂ ਹੀ ਮਨੁੱਖ ਨੂੰ ਸੌ ਵਰੇ ਜੀਣ ਦੀ ਕਾਮਨਾ ਕਰਨੀ ਚਾਹੀਦੀ ਹੈ। ਮਨੁੱਖ ਦਾ ਜੀਵਨ ਕਰਮ ਨਾਲ ਹੀ ਹੈ, ਵਰਨਾ ਨਹੀਂ।'

ਪਰ ਇਨ ਕਰਮ ਨਾਲ ਜੇ ਕਥਨਾ ਦੀ ਦਾਤ ਵੀ ਹੋ ਜਾਵੇ, ਤਾਂ ਉਸ ਲਈ ਜਤਨਸ਼ੀਲ ਰਹਿਣਾ ਵੀ ਜ਼ਰੂਰੀ ਹੈ। ਉਸ ਕਾਲ ਵਿਚ ਯੱਗ ਕਰਨ ਦੀ ਜੋ ਪ੍ਰਥਾ ਚਲੀ, ਉਸ ਬਾਰੇ ਵਿਦਵਾਨਾਂ ਦਾ ਇਹ ਕਥਨ ਹੈ—

'ਜਦੋਂ ਯੱਗ ਕੀਤੇ ਜਾਣਗੇ, ਤਾਂ ਇਨ ਦੀ ਆਹੂਤੀ ਨੂੰ ਅਗਨੀ, ਵਾਯੂ, ਸੂਰਜ, ਚੰਦਰਮਾ ਆਪਣੀਆਂ ਕਿਰਨਾਂ ਨਾਲ ਖਿੱਚ ਕੇ, ਮੇਘ ਬਣਾ ਕੇ ਵਰਖਾ ਕਰਨਗੇ, ਜਿਸ ਨਾਲ ਵਾਯੂ ਸ਼ੁੱਧ ਹੋਵੇਗੀ, ਦੇਵਤਿਆਂ ਦੀ ਪੂਜਾ ਹੋਵੇਗੀ ਅਤੇ ਅੰਨ ਵੀ ਬਹੁਤ ਹੋਵੇਗਾ।'

(ਐਤਰਯ ਬ੍ਰਾਹਮਣ ਗਰੰਥ ਅਨੁਸਾਰ)

ਇੰਜ ਕਰਮ ਤੇ ਕਥਨਾ ਨਾਲ ਮਨੁੱਖ ਦਾ ਜੀਵਨ ਸਫਲ ਹੋ ਸਕਦਾ ਹੈ। ਇਸ ਤਰ੍ਹਾਂ ਆਤਮਕ ਸ਼ੁੱਧਤਾ, ਸਰੀਰ ਦੀ ਸ਼ੁੱਧਤਾ ਦੇ ਨਾਲ ਨਾਲ ਅਕਾਲਪੁਰਖ ਦੀ ਆਰਾਧਨਾ ਅਤੇ ਘਰੇਲੂ ਜੀਵਨ ਦੇ ਸੁਖ ਨੂੰ ਇਕੋ ਥਾਂ ਇਕਠਾ ਕਰ ਦਿਤਾ ਗਿਆ। ਗਿਆਨ ਦਾ ਇਹ ਸਰੂਪ ਸਾਧਾਰਣ ਮਨੁੱਖ ਰਾਹਰੇ ਖੋਜਿਆ ਜਾਣਾ ਉਸ ਕਾਲ ਦੀ ਪ੍ਰਾਪਤੀ ਹੈ।

ਵੈਦਿਕ ਗਿਆਨ ਮੰਤਰਾਂ ਵਿਚ ਹੈ ਅਤੇ ਮੰਤਰਾਂ ਦਾ ਸੰਗੀਤ ਨਾਲ ਸਿੱਧਾ ਸੰਬੰਧ ਹੈ। ਸੰਗੀਤ ਨੂੰ ਆਤਮਾ ਦੀ ਵੀ ਆਤਮਾ ਕਹਿ ਸਕਦੇ ਹਾਂ। ਸੰਗੀਤ ਅੰਤਰ-ਆਤਮਾ ਦੀ ਲੈ-ਸੁਰ ਤੇ ਤਾਲ ਹੈ। ਸੰਗੀਤ ਦੀ ਪ੍ਰਾਪਤੀ ਸਿੱਧੀ ਦੀ ਅਵਸਥਾ ਹੈ। ਅਕਾਲ ਪੁਰਖ ਦੀ ਭਗਤੀ ਅਤੇ ਸੰਗੀਤ ਦਾ ਜਿਥੇ ਸੁੰਦਰ ਸੁਮੇਲ ਹੈ, ਉਥੇ ਪੂਰਨ ਸਿੱਧ ਅਵਸਥਾ ਹੈ। ਇਹ ਸੁਮੇਲ ਵੀ ਮਨੁੱਖੀ ਜਾਮੇ ਅੰਦਰ ਪ੍ਰਾਪਤ ਹੁੰਦਾ ਹੈ। ਸਾਮ ਵੇਦ ਦੇ ਮੰਤਰ ਅਤੇ ਉਨ੍ਹਾਂ ਦਾ ਵਿਸ਼ਾ ਇਸ ਗੱਲ ਦੇ ਪ੍ਰਤੀਕ ਹਨ। ਆਨੰਦ ਦੀ ਪ੍ਰਾਪਤੀ ਉਪਾਸਨਾ ਦਾ ਮੂਲ ਉਦੇਸ਼ ਹੈ ਅਤੇ ਉਪਾਸਨਾ ਕਰਨ ਲਈ ਭਗਤੀ ਜ਼ਰੂਰੀ ਹੈ ਜਿਸ ਦਾ ਸੰਬੰਧ ਗਿਆਨ ਨਾਲ ਵੀ ਹੈ। ਅਗਿਆਨੀ ਦਾ ਤਾਂ ਮਾਰਗ ਹੀ ਹੋਰ ਹੈ। ਗਿਆਨ ਸਹਾਰੇ ਕਰਮ ਉਪਜਦਾ ਹੈ। ਇਹ ਕਰਮ ਫਲ ਦੇਂਦਾ ਹੈ ਅਤੇ ਇਹ ਫਲ ਹੀ ਆਨੰਦ ਹੈ। ਇਸ ਲਈ ਉਨ੍ਹਾਂ ਨੇ ਮਨੁੱਖ ਲਈ ਇਹ ਵਰਦਾਨ ਮੰਗਿਆ—

'ਹੇ ਆਨੰਦ ਮਈ ਦੇਵ! ਸਾਨੂੰ ਗਿਆਨ ਦੇ, ਧਨ ਦੇ, ਅੰਨ ਦੇ।'' ਇਸ ਤਰ੍ਹਾਂ ਮਨੁੱਖੀ ਜੀਵਨ ਲਈ ਜ਼ਰੂਰੀ ਸਾਰੀਆਂ ਦਾਤਾਂ ਦੀ ਬਖਸ਼ਸ਼ ਦੀ ਕਾਮਨਾ ਕੀਤੀ, ਕਿਉਂਕਿ ਗਿਆਨ ਆਤਮਾ ਲਈ ਜ਼ਰੂਰੀ ਹੈ ਅਤੇ ਧਨ ਤੇ ਅੰਨ ਸਰੀਰ ਲਈ।



Sri Satguru Jagjit Singh Ji eLibrary NamdhariElibrary@gmail.com

ਸਾਮ ਵੇਦ ਵਿਚ ਵੀ ਇਨ੍ਹਾਂ ਰਿਸ਼ੀਆਂ ਨੇ ਮਨੁਖ ਨੂੰ ਚਾਨਣ ਦੇ ਮਾਰਗ ਤੇ ਚਲਾਇਆ—'ਏ ਕਰਤਾ ਪੁਰਖ! ਤੁਸੀਂ ਪ੍ਰੇਰਣਾ ਦੇਣ ਵਾਲੇ ਸੂਰਜ ਹੋ। ਸਾਨੂੰ ਗਿਆਨ-ਦਾਨ ਅਤੇ ਜੀਵਨ-ਦਾਨ ਬਖਸ਼ੋ। ਸਾਡੇ ਹਿਰਦੇ ਪਵਿੱਤਰ ਕਰੋ।'

ਇਸ ਤਰ੍ਹਾਂ ਵੇਦਾਂ ਦੇ ਸਮੇਂ ਤੋਂ ਹੀ ਮਨੁਖ ਅੰਦਰ ਗਿਆਨ ਦਾ ਚਾਨਣ ਕਰਨ ਲਈ ਯਤਨ ਆਰੰਭ ਹੋ ਗਏ। ਜਿਸ ਤਰ੍ਹਾਂ ਸਵੇਰੇ ਸੂਰਜ ਦੀਆਂ ਕਿਰਨਾਂ ਚੌਂਹਾਂ ਪਾਸੇ ਫੈਲ ਕੇ ਚਾਨਣ ਹੀ ਚਾਨਣ ਕਰ ਦੇਂਦੀਆਂ ਹਨ, ਇਸੇ ਤਰ੍ਹਾਂ ਸਮੇਂ ਸਮੇਂ ਰਿਸ਼ੀ, ਮੁਨੀ, ਸੰਤ, ਸਿੱਧ, ਗੁਰੂ, ਮਹਾਂਪੁਰਖ ਗਿਆਨ ਦੇ ਪ੍ਰਕਾਸ਼ ਦਾ ਚਾਨਣ ਫੈਲਾਂਦੇ ਚਲੇ ਆ ਰਹੇ ਹਨ।

(ਚਲਦਾ)

---

ਪੂਰਕ ਕਥਾ

# ਮਨੁਖ ਦੀ ਭਾਲ

—ਗੁਰਵਿੰਦਰ "ਸੈਣੀ"

ਪਿੰਡ ਦੇ ਲੋਕ ਫਕੀਰ ਬਾਬੇ ਨੂੰ ਬੜੀ ਉੱਚੀ ਤੇ ਸੁੱਚੀ ਰਹਿਣੀ-ਬਹਿਣੀ ਵਾਲਾ ਸਮਝਕੇ ਉਸਦੀ ਰੱਜ ਕੇ ਇੱਜ਼ਤ ਕਰਦੇ ਸਨ। ਫਕੀਰ ਬਾਬੇ ਦੀ ਹਰ ਗੱਲ ਰਮਜ਼ ਭਰੀ ਹੁੰਦੀ। ਇਕ ਵਾਰ ਫਕੀਰ ਬਾਬਾ ਲਾਗਲੇ ਸ਼ਹਿਰ ਨੂੰ ਹੋ ਤੁਰਿਆ। ਉਹਦੇ ਹੱਥ 'ਚ ਜਗਦੀਆਂ ਦੋ ਮਸ਼ਾਲਾਂ ਸਨ। ਫਕੀਰ ਬਾਬੇ ਨੇ ਵੱਡੇ ਬਜ਼ਾਰ ਵੱਲ ਨੂੰ ਕਦਮ ਮੋੜੇ। ਬਜ਼ਾਰ 'ਚੋਂ ਲੰਘ ਰਿਹਾ ਹਰ ਆਦਮੀ ਹੈਰਾਨ ਸੀ ਕਿ ਬਾਬਾ ਚਿੱਟੇ ਦਿਨ ਮਸ਼ਾਲਾਂ ਜਗਾ ਕੇ ਤੁਰਿਆ ਫਿਰਦਾ ਹੈ।

ਪਤਾ ਨਹੀਂ ਫਕੀਰ ਬਾਬੇ ਦੇ ਦਿਲ 'ਚ ਕੀ ਆਈ ਉਹ ਇਕਦਮ ਦੁਕਾਨਾਂ ਵਲ ਨੂੰ ਮੁੜ ਪਿਆ। ਉਹ ਹਰੇਕ ਦੁਕਾਨ ਅਗੇ ਖਲੋਂਦਾ, ਕੁਝ ਦੇਰ ਅੰਦਰ ਵੱਲ ਝਾਕਦਾ ਤੇ ਫੇਰ ਅੱਗੇ ਨੂੰ ਤੁਰ ਪੈਂਦਾ। ਇਕ ਭਲਾ ਆਦਮੀ ਇਹ ਸਭ ਕੁਝ ਵੇਖ ਕੇ ਫਕੀਰ ਬਾਬੇ ਮਗਰ ਹੋ ਤੁਰਿਆ। ਉਸ ਤੋਂ ਰਿਹਾ ਨਾ ਗਿਆ। ਉਹ ਪੁਛਣ ਲੱਗਾ, "ਮਹਾਂਪੁਰਸ਼ ਚਿੱਟੇ ਦਿਨ ਹੱਥ 'ਚ ਮਸ਼ਾਲਾਂ ਫੜੀ ਕੀ ਭਾਲ ਰਹੇ ਓ?" ਫਕੀਰ ਬਾਬੇ ਨੇ ਨਿਮਰਤਾ ਨਾਲ ਕਿਹਾ, "ਪੁੱਤਰ ਮੈਂ ਮਨੁੱਖ ਦੀ ਭਾਲ ਕਰ ਰਿਹਾ ਹਾਂ।" ਭਲਾ ਆਦਮੀ ਹੈਰਾਨ ਸੀ ਕਿ ਐਡੀ ਦੁਨੀਆਂ 'ਚ ਬਾਬੇ ਨੂੰ ਕੋਈ ਮਨੁੱਖ ਨਹੀਂ ਦਿੱਸ ਰਿਹਾ। ਉਹ ਹੱਸ ਕੇ ਬੋਲਿਆ, "ਮਹਾਂਪੁਰਸ਼ ਕੋਈ ਲੱਭਾ ਕਿ ਨਹੀਂ?"

ਫਕੀਰ ਬਾਬਾ ਬੋਲਿਆ, "ਨਹੀਂ ਅਜੇ ਨਹੀਂ।" ਭਲਾ ਆਦਮੀ ਹੋਰ ਵੀ ਹੈਰਾਨ ਸੀ ਉਹਨੇ ਪੁੱਛਿਆ, "ਤੁਹਾਡੀਆਂ ਨਜ਼ਰਾਂ 'ਚ ਮਨੁੱਖ ਕਿਹੜਾ?" ਫਕੀਰ ਬਾਬੇ ਨੇ ਬੜੇ ਪਿਆਰ ਨਾਲ ਕਿਹਾ, "ਪੁੱਤਰ, ਜੋ ਕਰੋਧ ਨਹੀਂ ਕਰਦਾ, ਇੰਦਰੀਆਂ ਦਾ ਦਾਸ ਨਹੀਂ, ਸਹਿਣਸ਼ੀਲਤਾ ਵਾਲਾ ਅਤੇ ਦੂਜਿਆਂ ਨੂੰ ਨਫਰਤਾਂ ਦੀਆਂ ਮਾਰੂ ਲਾਟਾਂ 'ਚ ਨਹੀਂ ਸਾੜਦਾ, ਮੇਰੀ ਨਜ਼ਰ 'ਚ ਅਸਲ ਮਨੁੱਖ ਉਹੀ ਹੈ।"

...ਤੇ ਭਲਾ ਆਦਮੀ ਹੁਣ ਚੁੱਪ ਤੇ ਸੰਤੁਸ਼ਟ ਸੀ।



Sri Satguru Jagjit Singh Ji eLibrary NamdhariElibrary@gmail.com

ਚਾਰ ਕਵਿਤਾਵਾਂ

—ਪ੍ਰੀਤਮ ਸਿੰਘ ਪੰਛੀ

## ਧਰਤੀ

ਮੇਰੀ ਪਿਆਰੀ ਧਰਤੀ
ਤੇਰੇ ਨਾਲ ਜੁੜੇ ਰਹਿਣਾ
ਮੈਨੂੰ ਚੰਗਾ ਲਗਦਾ ਹੈ।

ਕਹਿੰਦੇ ਹਨ :—
ਪਿੰਡ ਤੋਂ ਬਹੁਤ ਸਾਰੇ ਲੋਕ
ਆਪਣੀ ਜ਼ਮੀਨ ਛੱਡ
ਸ਼ਹਿਰ ਦੌੜ ਜਾਂਦੇ ਹਨ।

ਇਹ ਵੀ ਕਿ—
ਉਹਨਾਂ ਵਿਚੋਂ ਬਹੁਤਿਆਂ ਦੀ
ਕਿਸਮਤ ਦੇ ਸਿਤਾਰੇ ਜਾਗ ਪੈਂਦੇ ਹਨ।

ਪਿੰਡ ਦਾ ਥਾਣੇਦਾਰ
ਗਿਣਤੀ ਕਰਦਾ ਹੈ ਅਜੇ ਵੀ
ਉਸਦੇ ਇਲਾਕੇ ਵਿਚ
ਕਿੰਨੇ ਬਦਮਾਸ਼ ਹਨ।

ਸ਼ਹਿਰ ਦੇ ਪੁਲਿਸ ਵਾਲੇ
ਹਿਸਾਬ ਰਖਦੇ ਹਨ
ਕਿੰਨੇ ਗ਼ਰੀਬ ਲੋਕ
ਬਚੇ ਆਸ ਪਾਸ ਹਨ।

ਅਤੇ ਉਹ
ਜੋ ਥੱਕੇ ਟੁੱਟੇ
ਸ਼ਹਿਰ ਦੇ ਕਿਸੇ ਸ਼ੋਰ ਭਰੇ ਕੋਨੇ ਵਿਚ
ਲਿਟ ਸੌਂ ਜਾਂਦੇ ਹਨ
ਉਹਨਾਂ ਸਾਰਿਆਂ ਦੀ ਨੀਂਦ ਵਿਚ
ਪਿੰਡ ਦਾ ਸੁਪਨਾ ਹੁੰਦਾ ਹੈ।

ਧਰਤੀ !

ਮੇਰੀ ਪਿਆਰੀ ਧਰਤੀ
ਤੇਰੇ ਨਾਲ ਜੁੜੇ ਰਹਿਣਾ
ਮੈਨੂੰ ਚੰਗਾ ਲੱਗਦਾ ਹੈ।

## ਮਾਂ

ਮਿੱਟੀ ਦੇ ਭਾਂਡੇ ਵਿਚ ਮਾਂ
ਬੀਤਿਆ ਤੇ ਆਉਣ ਵਾਲਾ
ਦਿਨ ਰਖਦੀ ਹੈ।

ਝਾਂਸੀ ਦੀ ਰਾਣੀ ਵਾਂਗ
ਬੱਚੇ ਨੂੰ ਪਿੱਠ ਤੇ ਬੰਨ੍ਹੀਂ
ਪੱਥਰ ਤੋੜਦੀ, ਕਸੈਲਾ
ਸੁਆਦ ਚਖਦੀ ਹੈ।

ਪੱਥਰ ਵਿਚ ਲੁਕੀ ਚਿਣਗ
ਕੋਈ ਅੱਗ ਦੀ
ਕੁੱਖ ਵਿਚ ਅੰਸ਼
ਸੇਕ ਬਣ ਰਖਦੀ ਹੈ
ਜੰਗਲ ਪਛਾਣਦਾ ਹੈ ਮਾਂ ਨੂੰ
ਸ਼ੇਰਨਾ ਦੀ ਪੈੜ
ਸਿਰ ਉੱਤੇ ਢੋਣ ਦਾ ਉਹ
ਦਮ ਰਖਦੀ ਹੈ।

ਜਗਤ ਜਨਨੀ ਮਾਂ
ਮਿੱਟੀ ਦੇ ਭਾਂਡੇ ਵਿਚ
ਬੀਤਿਆਂ ਤੇ ਆਉਣ ਵਾਲਾ
ਦਿਨ ਰੱਖਦੀ ਹੈ।

## ਚੁਨੌਤੀ

ਅਸੀਂ ਆਪੋ ਆਪਣੀਆਂ
ਸਰਹੱਦਾਂ ਦੇ ਕੈਦੀ
ਸਾਡੇ ਸਭ ਦੇ ਹਥਿਆਰ
ਢਲਕੇ ਇਕੋ ਕਾਰਖਾਨੇ ਵਿਚ
ਹੋਏ ਹਨ ਤਿਆਰ।

ਪਹਿਲਾਂ ਬੰਦਾ ਆਪ ਬਦਲੇ
ਕ੍ਰਾਂਤੀ ਦੀ ਫਿਰ ਗੱਲ ਕਰੇ,
ਪਰਬਤ ਢਾਹੇ, ਸਮੁੰਦਰ ਤਰੇ।

ਫਟਦੇ ਨਹੀਂ ਬੰਬ
ਅੰਦਰਲੀ ਕੋਈ ਚਿਣਗ
ਲਾਉਂਦੀ ਹੈ ਡੰਗ।



Sri Satguru Jagjit Singh Ji eLibrary NamdhariElibrary@gmail.com

ਚਰਿਤ੍ਰਹੀਨਾਂ ਨੂੰ ਸਜ਼ਾ ਦੇਣ ਤੋਂ ਪਹਿਲਾਂ
ਆਪਣੇ ਚਰਿਤ੍ਰ ਨੂੰ ਸਾਹਮਣੇ ਲਿਆਉਣਾ ਪਏਗਾ ।
ਅਨਿਆਂ ਤੇ ਲੁੱਟ ਦੇ ਕਿਲੇ ਵਿਚਲੀਆਂ
ਸੁਰੰਗਾਂ ਨੂੰ ਉਡਾਉਣਾ ਪਏਗਾ ।
...ਚੁਨੌਤੀ ਹੈ ਉਹ ਆਉਣ
ਜਿਨ੍ਹਾਂ ਦੀ ਤਲਵਾਰ ਤੇ ਸੱਚ ਦਾ ਪਾਣੀ
ਉਹ ਪਹਿਲਾਂ ਉਸਦੀ ਧਾਰ ਤੇ
ਆਪੇ ਨੂੰ ਅਜ਼ਮਾਉਣ ।

## ਸੁਆਲ

ਅਨਜਾਣ ਬਣੇ ਲੋਕ
ਸਾਡੇ ਵਿਚਾਲੇ ਵਿਚਰਦੇ
ਅਲੋ ਭੋਲੇ ਬਣਕੇ
ਸੁਆਲ ਕੁਝ ਉਠਾਉਂਦੇ ਹਨ ।

ਸੁਆਲ ਤਾਂ ਠੀਕ ਹਨ
ਸਮਝ ਵਿਚ ਨਹੀਂ ਆਉਂਦਾ
ਜਾਣੇ-ਪਛਾਣੇ ਲੋਕ ਹੀ,
ਅਨਜਾਣ ਕਿਉਂ ਕਹਾਉਂਦੇ ਹਨ ?

ਜਾਂ ਉਹ ਫਿਰ ਸਾਨੂੰ ਹੀ
ਭੁੱਲ ਭੁਲਈਆਂ ਵਿਚ ਰਖਣ ਦੇ ਲਈ
ਜਾਣ ਬੁਝ ਭਰਮਾਉਂਦੇ ਹਨ ।

ਸੁਆਲ ਕੁਝ ਵੀ ਹੋਵੇ
ਜਿਹੜਾ ਜ਼ਿੰਦਗੀ 'ਚੋਂ ਉਠਦਾ ਹੈ
ਸੁਆਲ ਤਾਂ ਉਹਨਾਂ ਦੀ ਝੋਲੀ
ਲੋਕ ਪਾਉਂਦੇ ਹਨ !

## ਗ਼ਜ਼ਲ

—ਗੁਰਵਿੰਦਰ "ਸੰਨੀ"—

ਦਿਲਾ ਲੰਮੇ ਜਿਨ੍ਹਾਂ ਦੇ ਜੇਰੇ ਹੁੰਦੇ ਨੇ ।
ਉਹੀ ਜ਼ਿੰਦਗੀ ਦੇ ਪੰਧ 'ਚ ਅਗੇਰੇ ਹੁੰਦੇ ਨੇ ।
ਛੱਡ ਜਾਂਦੇ ਰਾਹ ਵਿੱਚੋਂ ਠੋਹਕਰ ਤੇ ਵੇਖੇ,
ਜੋ ਦਿਲਾਂ ਦੇ ਰਤਾ ਵੀ ਕਚੇਰੇ ਹੁੰਦੇ ਨੇ ।
ਪੁੱਜਦੇ ਨੇ ਮੰਜ਼ਿਲ ਤੇ ਲੱਖ ਔਕੜਾਂ 'ਚ ਵੀ,
ਜੋ ਪਾਕ ਰੂਹਾਂ ਦੇ ਪਰੇਰ ਹੁੰਦੇ ਨੇ ।
ਤੈਨੂੰ ਆਖਿਆ ਸੀ ਦਿਲਾ ਜ਼ਰਾ ਬਚ ਕੇ ਰਹੀਂ,
ਗਮ ਇਸ਼ਕ 'ਚ ਅਕਸਰ ਵਧੇਰੇ ਹੁੰਦੇ ਨੇ ।
ਛੱਡ ਜਾਂਦੇ ਨੇ ਉਦੋਂ ਮੁਹੱਬਤ ਦੇ ਮਾਰਿਆਂ ਨੂੰ,
ਜੋ ਲਿਖਤਾਂ 'ਚ ਪਲ ਕੇ ਵਡੇਰੇ ਹੁੰਦੇ ਨੇ ।
ਰੱਖ ਹੌਂਸਲਾ "ਸੰਨੀ" ਕਹਿੰਦੇ ਨੇ ਲੋਕ ਅਕਸਰ,
ਕਾਲੀ ਰਾਤ ਪਿਛੋਂ ਹੀ ਤਾਂ ਸਵੇਰੇ ਹੁੰਦੇ ਨੇ ।

## ਗ਼ਜ਼ਲ

—ਰਾਜਿੰਦਰ ਪਰਦੇਸੀ—

ਮੈਂ ਰੋਕਾਂ ਰੁਕ ਗਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਮੈਂ ਮਹੁਰਾ ਖਾ ਲਿਆ ਹੁੰਦਾ, ਤਿਰੇ ਤੁਰ ਜਾਣ ਤੋਂ ਪਹਿਲਾਂ ।
ਤੂੰ ਜਾਂਦੀ ਰੌਸ਼ਨੀ ਲੈ ਕੇ ਨਾ ਹੁੰਦਾ ਦੂਰ ਸਾਡੇ ਤੋਂ,
ਇਹ ਦੀਵਾ ਬੁਝ ਗਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਅਸੀਂ ਨਹਿਰਾਂ 'ਚ ਡੁੱਬ ਕੇ ਨਾ ਤੇਰੀ ਭਾਲ ਹੁਣ ਕਰਦੇ,
ਜੇ ਤੈਨੂੰ ਰੋਕਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਇਹ ਕਿਸ ਨੂੰ ਸੀ ਯਕੀਨ ਹੋਣਾ ਕਿ ਆਪਾਂ ਵੀ ਨਹੀਂ ਮਿਲਣਾ,
ਮੈਂ ਖ਼ੁਦ ਨੂੰ ਸਾੜਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਖ਼ਬਰ ਨਹੀਂ ਸੀ ਕਿ ਸਾਰੀ ਉਮਰ ਹੀ ਫਿਰ ਨੀਂਦ ਨਹੀਂ ਆਉਣੀ,
ਮੈਂ ਰਜ ਕੇ ਸੌਂ ਲਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਮੈਂ ਗਲੀਆਂ 'ਚੋਂ ਚਲੇ ਜਾਣੇ ਤਿਰੇ ਤੁਰ ਜਾਣ ਦੇ ਪਿਛੋਂ,
ਮੈਂ ਤੈਨੂੰ ਦਸਿਆ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।
ਪਤਾ ਹੁੰਦਾ ਜੇ "ਪਰਦੇਸੀ" ਨਾ ਆਵੇਂਗਾ ਕਦੀ ਮੁੜ ਕੇ,
ਮੈਂ ਤੈਨੂੰ ਮਾਣਿਆਂ ਹੁੰਦਾ ਤਿਰੇ ਤੁਰ ਜਾਣ ਤੋਂ ਪਹਿਲਾਂ ।



Sri Satguru Jagjit Singh Ji eLibrary NamdhariElibrary@gmail.com

# ਮਦਰ ਟੈਰੇਸਾ

—ਸਾਹਿਬ ਸਿੰਘ ਸੁੱਖ

ਨੀਵਾਂ ਉੱਚ ਕਰਨ ਵਾਲੇ ਗੁਰੂ ਨਾਨਕ ਦੇ ਮਹਾਂਵਾਕ ਅਨੁਸਾਰ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ।

ਨੀਵਾਂ ਨੂੰ ਉੱਚੇ ਜਾਣਨਾ, ਨਿਤਾਣਿਆਂ ਦਾ ਮਾਣ ਬਣਨਾ, ਨਿਆਸਰਿਆਂ ਨੂੰ ਆਸਰਾ ਦੇਣਾ ਅਤੇ ਗਰੀਬ-ਗੁਰਬੇ ਤੇ ਛਿੱਥੇ-ਛੇੜੇ ਲੋਕਾਂ ਦੀ ਸੇਵਾ-ਸੰਭਾਲ ਬਹੁਤ ਮਹਾਨਤਾ ਦਾ ਕੰਮ ਹੈ—ਅਤਿ ਔਖਾ ਅਤਿ ਬਿਖੜਾ। ਅਜਿਹੇ ਕੰਮ ਨੂੰ ਕੋਈ ਦਿਲ-ਗੁਰਦੇ ਵਾਲਾ—ਮਦਰ ਟੈਰੇਸਾ ਜਾਂ ਭਗਤ ਪੂਰਨ ਸਿੰਘ ਵਰਗਾ ਵਿਅਕਤੀ ਹੀ ਹੱਥ ਪਾਉਂਦਾ ਹੈ। ਉਸ ਵਿਅਕਤੀ ਉੱਤੇ ਰੱਬ ਦੀ ਬਖਸ਼ਸ਼ ਹੁੰਦੀ ਹੈ। ਬਖਸ਼ਸ਼ ਦਾ ਦਰ ਇਕ ਦਿਨ ਮਦਰ ਟੈਰੇਸਾ ਲਈ ਅਚਨਚੇਤ ਖੁਲ੍ਹ ਗਿਆ। ਉਸਦੇ ਆਪਣੇ ਸ਼ਬਦ ਵਿਚ—

"ਉਹ ੧੦ ਸਿਤੰਬਰ, ੧੯੪੬ ਦਾ ਦਿਨ ਸੀ। ਮੈਂ ਦਾਰਜਲਿੰਗ ਜਾ ਰਹੀ ਸੀ, ਮੈਨੂੰ ਇਕ ਆਵਾਜ਼ ਆਈ—ਕਿ ਮੈਨੂੰ ਸਭ ਕੁਝ ਛਡਕੇ ਆਪਣਾ ਜੀਵਨ ਪ੍ਰਮਾਤਮਾ ਤੇ ਗਰੀਬਾਂ ਦੇ ਲੇਖੇ ਲਾਉਣਾ ਚਾਹੀਦਾ ਹੈ।"

—ਤੇ ਉਸਨੇ ਆਪਣਾ ਜੀਵਨ ਗਰੀਬਾਂ ਦੇ ਹਵਾਲੇ ਕਰ ਦਿਤਾ।

ਮਦਰ ਟੈਰੇਸਾ ਦਾ ਜਨਮ ੨੭ ਅਗਸਤ, ੧੯੧੦ ਨੂੰ ਯੂਗੋਸਲਾਵੀਆ ਵਿਖੇ ਹੋਇਆ। ਉਸਨੇ ੧੨ ਵਰ੍ਹਿਆਂ ਦੀ ਬਾਲੜੀ ਉਮਰ ਵਿਚ ਹੀ ਇਸਾਈ ਸੰਤਣੀ ਬਣਨ ਦਾ ਫੈਸਲਾ ਕਰ ਲਿਆ। ਉਹ ੧੮ ਸਾਲ ਦੀ ਉਮਰ ਵਿਚ "ਆਇਰਿਸ਼ ਆਰਡਰ ਆਫ ਸਿਸਟਰਜ਼ ਆਫ ਲੋਰੇਟੋ" ਵਿਚ ਸ਼ਾਮਲ ਹੋ ਗਈ। ਉਹ ੨੯ ਨਵੰਬਰ, ੧੯੨੮ ਨੂੰ ਭਾਰਤ ਆਈ ਤੇ ਉਸਨੇ ਦਾਰਜੀਲਿੰਗ ਵਿਚ ਪੜ੍ਹਾਉਣ ਦਾ ਕੰਮ ਸ਼ੁਰੂ ਕਰ ਦਿਤਾ।

ਕਲਕੱਤੇ ਸ਼ਹਿਰ ਦੇ 'ਸੇਂਟ ਮੇਰੀ ਹਾਈ ਸਕੂਲ' ਵਿਚ ਉਹ ੧੯੨੯ ਤੋਂ ੧੯੪੮ ਤਕ ਜੁਗਰਾਫੀਆ ਪੜ੍ਹਾਉਂਦੀ ਰਹੀ। ਏਸੇ ਸਮੇਂ ਦੌਰਾਨ ਉਹ ਸਕੂਲ ਦੀ ਪ੍ਰਿੰਸੀਪਲ ਵੀ ਬਣ ਗਈ।

ਦੇਸ਼ ਦੀ ਵੰਡ ਦਾ ਸਮਾਂ (੧੯੪੭) ਮਦਰ ਟੈਰੇਸਾ ਲਈ ਵੰਗਾਰ ਦਾ ਸਮਾਂ ਸੀ। ਉਸ ਸਮੇਂ ਅਟੱਲ ਦ੍ਰਿੜ੍ਹਤਾ ਤੇ ਪਹਾੜ ਵਰਗੇ ਜਿਗਰੇ ਦੀ ਲੋੜ ਸੀ। ਪੂਰਬੀ ਪਾਕਿਸਤਾਨ ਵਿਚੋਂ ਭਿਆਨਕ ਹੜ੍ਹ ਵਾਂਗ ਸ਼ਰਨਾਰਥੀਆਂ ਨੇ ਕਲਕੱਤਾ ਤੇ ਪੱਛਮੀ ਬੰਗਾਲ ਦੇ ਹੋਰਨਾਂ ਥਾਵਾਂ ਤੇ ਆਉਣਾ ਸ਼ੁਰੂ ਕਰ ਦਿਤਾ। ਉਹਨਾਂ ਦੀ ਹਾਲਤ ਬਹੁਤ ਮਾੜੀ ਸੀ। ਬਹੁਤ ਸਾਰੇ ਅਨਾਥ ਤੇ ਬੇਸਹਾਰਾ ਸਨ। ਉਹਨਾਂ ਵਿਚ ਭੁੱਖੇ-ਨੰਗੇ, ਨਿਤਾਣੇ, ਬਿਮਾਰ, ਥੱਕੇ ਹਾਰੇ, ਖੁੱਥੇ-ਠੇਡੇ ਤੇ ਦੁਖਾਂ-ਤਕਲੀਫਾਂ ਦੇ ਸਤਾਏ ਹੋਏ ਸਨ। ਬਹੁਤ ਸਾਰੇ ਪਿੰਗਲੇ ਤੇ ਕੰਗਾਲੇ ਸਨ—ਜਿਨ੍ਹਾਂ ਦੀ ਜ਼ਿੰਦਗੀ ਪੀੜ ਤੇ ਗੰਦਗੀ ਨਾਲ ਭਰੀ ਹੋਈ ਸੀ।

ਮਦਰ ਟੈਰੇਸਾ ਨੇ ਇਹ ਵੰਗਾਰ ਖਿੜੇ ਮੱਥੇ ਪਰਵਾਨ ਕੀਤੀ। ਇਕ ਦਿਨ, ਉਸਦੇ ਕੋਲ ਸਿਰਫ ਪੰਜਾਂ ਦਾ ਇਕ ਨੋਟ ਸੀ, ਤੇ ਉਹ ਚੁਪਚਾਪ ਸਕੂਲ ਛਡਕੇ ਗੰਦੀਆਂ ਗਲੀਆਂ ਤੇ ਬਦਬੂ ਵਾਲੇ ਮਹੌਲ ਵਿਚ ਆ ਗਈ। ਰਾਜਕੁਮਾਰ ਸਿਧਾਰਥ ਨੇ ਵੀ ਤਾਂ ਏਸੇ ਤਰ੍ਹਾਂ ਹੀ ਦੁਖ ਰੋਗ ਤੇ ਮੌਤ ਤੋਂ ਦੁਖੀਆਂ ਨੂੰ ਮੁਕਤੀ ਦੁਆਉਣ ਲਈ ਰਾਜਮਹਿਲ ਦੇ ਸਾਰੇ ਸੁਖ-ਸਾਧਨ ਛੱਡ ਦਿਤੇ ਸਨ!

—ਤੇ ਕੱਲੀਕਾਰੀ ਮਦਰ ਟੈਰੇਸਾ ਭੁੱਖ-ਨੰਗ, ਗਰੀਬੀ, ਦੁਖ ਤੇ ਰੋਗ ਦੀ ਪਹਾੜ ਜੇਡੀ ਸਮੱਸਿਆ ਨਾਲ ਟਕਰਾਉਣ ਲਈ ਤਿਆਰ-ਬਰ-ਤਿਆਰ ਹੋਕੇ ਨਿੱਤਰ ਪਲੋਤੀ। ਉਸਨੇ ਭੁੱਖੇ-ਨੰਗੇ ਤੇ ਗੰਦੇ-ਮੰਦੇ ਬੱਚਿਆਂ ਨੂੰ ਪਿਆਰ ਨਾਲ ਗਲਵੱਕੜੀ ਵਿਚ ਲੈ ਲਿਆ—ਉਹਨਾਂ ਨੂੰ ਨੁਹਾਇਆ, ਖੁਲ੍ਹੇ ਮੈਦਾਨ ਵਿਚ ਇਕ ਰੁੱਖ ਹੇਠ ਪੜ੍ਹਾਇਆ ਤੇ ਇੰਜ ਉਸਨੇ ਮਨੁੱਖਤਾ ਦੀ ਸੇਵਾ ਦਾ ਮਹਾਨ ਤੇ ਪਵਿੱਤਰ ਸਫਰ ਅਰੰਭਿਆ।

ਸੰਨ ੧੯੪੮ ਵਿਚ ਪੋਪ ਵੱਲੋਂ, ਮਦਰ ਟੈਰੇਸਾ ਨੂੰ ਸਕੂਲ ਛੱਡਣ ਦੀ ਇਜਾਜ਼ਤ ਮਿਲ ਗਈ। ਪਟਨਾ ਤੋਂ



Sri Satguru Jagjit Singh Ji eLibrary NamdhariElibrary@gmail.com

"ਮੈਡੀਕਲ ਮਿਸ਼ਨ ਸਿਸਟਰਜ਼" ਤੋਂ ਨਰਸਿੰਗ ਦਾ ਕੋਰਸ ਕਰਨ ਤੋਂ ਬਾਅਦ ਉਸਨੇ ਕਲਕੱਤੇ ਦੇ 'ਮੋਤੀ ਝੀਲ' ਦੇ ਨੇੜੇ ਇਲਾਕੇ ਵਿਚ ਕੰਮ ਸ਼ੁਰੂ ਕਰ ਦਿਤਾ। ਤੇ ਇਸ ਤਰ੍ਹਾਂ "ਆਰਡਰ ਆਫ਼ ਚੈਰਿਟੀ" ਆਰੰਭ ਹੋਇਆ।

ਕਲਕੱਤੇ ਦੀ "ਕਰੀਕ ਸਟਰੀਟ" ਵਿਚ ਉਸਨੇ ਗੰਦੀ ਬਸਤੀ ਦੇ ਬੱਚਿਆਂ ਲਈ ਪਹਿਲਾ ਘਰ ਤੇ ਸਕੂਲ ਖੋਲ੍ਹਿਆ। ਤੇ ੧੯੫੨ ਵਿਚ ਗਰੀਬਾਂ ਲਈ ਪਹਿਲੇ "ਨਿਰਮਲ ਹਿਰਦਯ ਹੋਮ" ਦੀ ਸਥਾਪਨਾ ਕੀਤੀ। ਦੇਸ਼ ਵਿਚ ਥਾਂ ਥਾਂ ਤੇ "ਸ਼ਿਸ਼ੂ ਭਵਨ" ਬਣਨ ਲਗ ਪਏ। ਪੀਲੀਓ ਮਿਰਗੀਆਂ ਬਿਮਾਰੀਆਂ ਦੇ ਮਰੀਜ਼, ਅਪਾਹਜ, ਮਾਨਸਿਕ ਰੋਗੀ ਯਤੀਮ ਤੇ ਠੁਕਰਾਏ ਹੋਏ ਬੇਸਹਾਰਾ ਬੱਚਿਆਂ ਨੂੰ ਇਹਨਾਂ ਭਵਨਾਂ ਵਿਚ ਆਸਰਾ ਮਿਲਣ ਲਗਾ।

ਮਦਰ ਟੈਰੇਸਾ ਨੇ ਕਲਕੱਤੇ ਵਿਚ ਹੀ ੧੯੫੭ ਵਿਚ ਇਕ ਪਿੰਗਲਵਾੜਾ ਖੋਲ੍ਹਿਆ। ਸ਼ੁਰੂ ਵਿਚ ਸਿਰਫ਼ ਪੰਜਾਂ ਮਰੀਜ਼ਾਂ ਲਈ ਪ੍ਰਬੰਧ ਸੀ। ਮਗਰੋਂ ਪਿੰਗਲਿਆਂ ਲਈ ਆਸਨਸੋਲ ਨੇੜੇ ਸ਼ਾਂਤੀ ਨਗਰ ਦੀ ਸਥਾਪਨਾ ਕੀਤੀ ਗਈ।

"ਸੰਨ ੧੯੫੨ ਦੀ ਗੱਲ ਹੈ—ਕਲਕੱਤੇ ਦੀਆਂ ਗਲੀਆਂ ਵਿਚ ਘੁੰਮਦਿਆਂ ਮੈਂ ਇਕ ਹਸਪਤਾਲ ਦੇ ਅਗੇ ਚੂਹਿਆਂ ਤੇ ਕੀੜਿਆਂ ਦਾ ਖਾਧਾ ਇਕ ਮਨੁੱਖ ਵੇਖਿਆ। ਮੈਂ ਉਸਨੂੰ ਚੁੱਕ ਲਿਆ। ਇਹ ਪਹਿਲਾ ਸਮਾਂ ਸੀ ਕਿ ਮੈਂ ਇਕ ਅਜਿਹੇ ਮਨੁੱਖ ਦੇ ਸੰਪਰਕ ਵਿਚ ਆਈ ਜੋ ਭਾਵੇਂ ਜੀਂਦਾ-ਜਾਗਦਾ ਸੀ, ਪਰ ਅਣ-ਚਾਹਿਆ ਤੇ ਅਣ-ਪਿਆਰਿਆ ਸੀ। ਅਜਿਹੇ ਗਰੀਬੜੇ ਜਿਹੇ ਮਨੁੱਖੀ ਸਰੂਪ ਵਿਚ ਉਹ ਮੈਨੂੰ ਈਸਾ ਜਾਪਿਆ ਤੇ ਉਸਨੇ ਮੈਨੂੰ ਕਿਹਾ—"ਮੈਂ ਬੇਘਰ ਤੇ ਬਿਮਾਰ ਸੀ ਤੇ ਤੁਸਾਂ ਮੈਨੂੰ ਅੰਦਰ ਲੈ ਆਂਦਾ।"

ਮਦਰ ਟੈਰੇਸਾ ਦੀ ਜ਼ਿੰਦਗੀ ਦਾ ਇਹ ਵਾਕਿਆ ਭਾਈ ਕਨ੍ਹਈਆ ਦੀ ਯਾਦ ਤਾਜ਼ਾ ਕਰ ਦਿੰਦਾ ਹੈ—ਜਿਸਨੂੰ ਪਿਆਸ ਤੇ ਪੀੜ ਨਾਲ ਤੜਫਦੇ ਦੁਖੀ ਮਨੁੱਖਾਂ ਵਿਚੋਂ ਬਾਜਾਂ ਵਾਲੇ ਪ੍ਰੀਤਮ ਦਾ ਦੀਦਾਰ ਹੋਇਆ ਕਰਦਾ ਸੀ।

ਮਦਰ ਟੈਰੇਸਾ ਆਪਣੀ ਓਖੀ-ਸੁਖੀ ਰਹਿਣੀ ਤੇ ਨਿਸ਼ਕਾਮ ਸੇਵਾ ਸਦਕਾ ਹੌਲੀ ਹੌਲੀ ਵਿਸ਼ਵ ਭਰ ਵਿਚ ਪ੍ਰਸਿੱਧ ਹੋ ਗਈ। ਉਸਨੂੰ ੧੯੬੨ ਵਿਚ ਭਾਰਤ ਦੇ ਰਾਸ਼ਟਰਪਤੀ ਵਲੋਂ ਪਦਮਸ਼੍ਰੀ ਅਵਾਰਡ ਅਤੇ ਫਿਲਪਾਈਨ ਵਲੋਂ ਇੰਟਰ-ਨੈਸ਼ਨਲ ਅੰਡਰ ਸਟੈਂਡਿੰਗ ਲਈ ਮੈਗਸੈਸੇ ਅਵਾਰਡ ਦੇ ਕੇ ਸਨਮਾਨਿਆ ਗਿਆ। ਸੰਨ ੧੯੭੮ ਵਿਚ ਇੰਗਲੈਂਡ ਦੀ ਮਲਕਾ ਵਲੋਂ ਵੀ ਮਦਰ ਟੈਰੇਸਾ ਦਾ ਸਨਮਾਨ ਕੀਤਾ ਗਿਆ।

ਮਦਰ ਟੈਰੇਸਾ ਸੰਸਥਾਵਾਂ ਨਹੀਂ ਬਣਾਉਂਦੀ ਤੇ ਨਾ ਹੀ ਸਮਾਜਕ ਸੁਧਾਰ ਜਾਂ ਧਰਮ-ਬਦਲੀ ਲਈ ਪ੍ਰਚਾਰ ਕਰਦੀ ਹੈ, ਉਹ ਤਾਂ ਬਸ ਅਣਚਾਹਿਆਂ ਤੇ ਅਣਪਿਆਰਿਆਂ ਲਈ ਘਰ ਸਥਾਪਤ ਕਰਦੀ ਹੈ। ਉਹ ਗਰੀਬਾਂ ਦਾ ਦੁਖ ਸਮਝਦੀ ਹੈ। ਉਸਦਾ ਅਸੂਲ ਹੈ—"ਪਿੰਗਲੇ ਨੂੰ ਪਿਆਰ ਨਾਲ ਛੂਹ ਲਵੋ!"

ਮਦਰ ਟੈਰੇਸਾ ਦਾ ਕਥਨ ਹੈ—"ਮੇਰਾ ਮਿਸ਼ਨ ਮੇਰੇ ਲਈ ਧਰਮ ਦਾ ਫਲ ਹੈ। ਹਰ ਜੀਵ—ਮਰਦ, ਔਰਤ, ਮੇਰਾ ਭਰਾ, ਮੇਰੀ ਭੈਣ ਹੈ ਅਤੇ ਮੇਰਾ ਕੰਮ ਪ੍ਰਮਾਤਮਾ ਲਈ ਮੇਰੇ ਜਿਉਂਦੇ-ਜਾਗਦੇ ਪਿਆਰ ਦਾ ਪ੍ਰਤੀਕ ਹੈ।

ਕਲਕੱਤਾ ਸ਼ਹਿਰ ਦੇ ਘਰ ਘਰ ਵਿਚ ਮਦਰ ਟੈਰੇਸਾ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਅਜ ਕਲ੍ਹ ਉਸਦੇ ਮਿਸ਼ਨ ਵਿਚ ੭੦੦ ਸੰਤਣੀਆਂ ਕੰਮ ਕਰਦੀਆਂ ਹਨ। ਮਿਸ਼ਨ ਦੇ ੬੦ ਕੇਂਦਰ ਕਲਕੱਤੇ ਵਿਚ ਤੇ ੭੦ ਕੇਂਦਰ ਸੰਸਾਰ ਦੇ ਹੋਰ ਹਿੱਸਿਆਂ ਵਿਚ ਹਨ।

ਮਦਰ ਟੈਰੇਸਾ ਨੇ ਦੁਨੀਆ ਭਰ ਵਿਚ ਥਾਂ ਥਾਂ ਸਫ਼ਰ ਕਰਕੇ ਇਹ ਮਹਿਸੂਸ ਕੀਤਾ ਹੈ ਕਿ ਪਿਆਰ ਦੀ ਭੁੱਖ ਰੋਟੀ ਦੀ ਭੁੱਖ ਨਾਲੋਂ ਵੱਡੀ ਹੈ। ਉਸਦਾ ਪਿਆਰ ਦਾ ਮਿਸ਼ਨ ਦੁਨੀਆਂ ਦੇ ਉਹਨਾਂ ਵੱਖ ਵੱਖ ਹਿੱਸਿਆਂ ਵਿਚ ਫੈਲ ਗਿਆ ਹੈ ਜਿਥੇ ਪਿਆਰ ਦੀ ਭੁੱਖ ਤੇ ਗਰੀਬੀ ਹੈ। ਉਸਦੇ ਮਿਸ਼ਨਰੀ ਦੁਨੀਆਂ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਸੇਵਾ ਤੇ ਪਿਆਰ ਵੰਡ ਰਹੇ ਹਨ।

ਮਦਰ ਟੈਰੇਸਾ ਨੂੰ ਉਸਦੀ ਨਿਸ਼ਕਾਮ ਸੇਵਾ ਤੇ ਅਣਥਕ ਘਾਲਣਾ ਲਈ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਦੀਆਂ ਕਈ ਸੰਸਥਾਵਾਂ ਵੱਲੋਂ ਅਵਾਰਡ ਤੇ ਆਨਰੇਰੀ ਡਿਗਰੀਆਂ ਦੇਕੇ ਸਨਮਾਨਿਆ ਗਿਆ ਹੈ। ਸਾਲ ੧੯੭੯ ਵਿਚ ਉਸਨੂੰ ਸੰਸਾਰ ਦਾ ਸਭ ਤੋਂ ਵੱਡਾ ਤੇ ਸਭ ਤੋਂ ਵਧ ਪ੍ਰਤਿਸ਼ਠਾ ਵਾਲਾ—ਅਮਨ ਲਈ ਨੋਬਲ ਪੁਰਸਕਾਰ ਦਿਤਾ ਗਿਆ ਹੈ। ਇਸ ਨਾਲ ਗੌਤਮ ਤੇ ਨਾਨਕ ਦੀ ਧਰਤੀ ਦਾ ਮਾਣ ਵਧਿਆ ਹੈ। ਭਾਰਤ ਦਾ ਮਸਤਕ ਦੁਨੀਆਂ ਵਿਚ ਉੱਚਾ ਹੋਇਆ ਹੈ।

×



Sri Satguru Jagjit Singh Ji eLibrary NamdhariElibrary@gmail.com

ਪੂਰਬੀ ਅਫਰੀਕਾ ਯਾਤਰਾ—੩

# ਦਾਰ ਤੋਂ ਅਰੂਸ਼ਾ

—ਜਗਦੀਸ਼ ਸਿੰਘ

ਅਸੀਂ ੭ ਜੁਲਾਈ ਸਵੇਰੇ ੮ ਵਜੇ ਹੀ ਬਸ ਦੁਆਰਾ ਉੱਤਰੀ ਤਨਜ਼ਾਨੀਆ ਵਿਚ ਮੋਸ਼ੀ ਸ਼ਹਿਰ ਵਾਸਤੇ ਚਲ ਪੈਣਾ ਸੀ। ਭਾਵੇਂ ਰਾਤ ੧੨ ਵਜੇ ਵਾਪਸ ਡੇਰਿਆਂ ਵਿਚ ਪਹੁੰਚੇ ਸੀ ਪਰ ਫੇਰ ਵੀ ਸਫਰ ਵਾਸਤੇ ਤਿਆਰ ਸਾਂ। ਸਤਿਗੁਰੂ ਜੀ ਨੇ ਹਵਾਈ ਜਹਾਜ਼ ਰਾਹੀਂ ਜਾਣਾ ਸੀ। ਪਰ ਅਗਲੀ ਸਵੇਰ ਪਤਾ ਲਗਾ ਕਿ ਬਾਰਸ਼ਾਂ ਦੇ ਕਾਰਨ ਸੜਕ ਰਾਹੀਂ ਸਫਰ ਸੰਭਵ ਨਹੀਂ ਹੈ। ਅਗੋਂ ਕੀ ਪਰਬੰਧ ਕਰਨਾ ਹੈ ਉਸ ਵਾਸਤੇ ਸ: ਗੁਰਵੰਤ ਸਿੰਘ ਪ੍ਰਧਾਨ ਜਤਨਸ਼ੀਲ ਸਨ। ਅੰਤ ਵਿਚ ਸੂਚਨਾ ਮਿਲੀ ਕਿ ਬਹੁਤੀ ਸੰਗਤ ੯ ਤਾਰੀਖ ਨੂੰ ਰੇਲ ਰਾਹੀਂ ਸਫਰ ਕਰੇਗੀ ਅਤੇ ੧੦ ਤਾਰੀਖ ਨੂੰ ਮੋਸ਼ੀ ਪੁਜੇਗੀ। ਇਸ ਹਿਸਾਬ ਸਾਨੂੰ ਪੂਰੇ ਢਾਈ ਦਿਨ ਹੋਰ ਦਾਰ-ਸਲਾਮ ਵਿਚ ਮਿਲ ਗਏ ਸਨ।

ਹਵਾਈ ਜਹਾਜ਼ ਦੁਆਰਾ ਬਹੁਤ ਥੋੜੀਆਂ ਸੀਟਾਂ ਮਿਲੀਆਂ ਸਨ ਉਨ ਵਿਚ ਨੂਰ ਸਿੰਘ ਭੇਜ ਦਿਤੇ ਗਏ। ਗੁਰਮੁਖ ਸਿੰਘ ਵੀ.ਡੀ.ਓ. ਲੇਮਰਮੋਨ ਨੂੰ ਸੀਟ ਮਿਲ ਗਈ ਸੀ ਜਿਸ ਕਾਰਨ ਉਹ ਤਸਵੀਰਾਂ ਖਿਚ ਸਕੇ ਪਰ ਸਾਨੂੰ ਨਾ ਭੇਜਣ ਦਾ ਸਿੱਟਾ ਨਿਕਲਿਆ ਕਿ ਤਕਰੀਬਨ ਚਾਰ ਦਿਨ ਦਾ ਅੱਖੀਂ ਵੇਖਿਆ ਹਾਲ ਸਾਨੂੰ ਪ੍ਰਾਪਤ ਨਾ ਹੋਇਆ।

ਜਦੋਂ ਤਕ ਸਤਿਗੁਰੂ ਜੀ ਦਾਰ-ਸਲਾਮ ਰਹੇ ਬਹੁਤ ਵਧੀਆ ਅਤੇ ਕਰੀਬੀ ਸਤਿਸੰਗ ਚਲਦਾ ਰਿਹਾ। ਸ: ਦਰਿਆ ਸਿੰਘ ਜੀ ਦੀ ਕੋਠੀ ਦੇ ਲਾਅਨ ਉੱਤੇ ਪਪੀਤਿਆਂ ਦੇ ਬੂਟਿਆਂ ਹੇਠ ਸਤਿਗੁਰੂ ਜੀ ਬਚਨ ਕਰਦੇ ਅਤੇ ਦਾਸਾਂ ਦੇ ਸ਼ਿਕਾਰੀਆਂ ਅਤੇ ਦੂਸਰੇ ਯਾਤਰੂਆਂ ਨੂੰ ਗਿਆਨ ਦੀਆਂ ਗੱਲਾਂ ਦਸਦੇ। ਆਪ ਜੀ ਨੇ ਹਾਕੀ ਵਾਲਿਆਂ ਨੂੰ ਕਿਹਾ ਜਿਵੇਂ ਬਾਲ ਵਲ ਧਿਆਨ ਹੋਂਦੇ ਹੋ ਇਵੇਂ ਇਸ ਪਾਸੇ, ਨਾਮ ਸਿਮਰਨ ਵਲ ਧਿਆਨ ਦਿਓਗੇ ਤਾਂ ਇਧਰ ਵੀ ਪ੍ਰਾਪਤੀ ਹੋ ਜਾਵੇਗੀ। ਇਸ ਸਬੰਧ ਵਿਚ ਪੰਡਿਤ ਗੋਪਾਲ ਸਿੰਘ ਜੀ ਨੇ ਇਕ ਸਿੱਖ ਨਿਹਾਲ ਸਿੰਘ ਦੀ ਕਥਾ ਸੁਣਾਈ ਕਿ ਉਹਨਾਂ ਲਕੜ ਦਾ ਸਾਰੰਦਾ ਬਣਾਇਆ ਸੀ ਤੇ ਕਿਲੀ ਨਾਲ ਟੰਗਿਆ ਹੋਇਆ ਉਹ ਆਪਣੇ ਆਪ ਵਜਦਾ ਹੁੰਦਾ ਸੀ। ਇਕ ਕਥਾ ਸਤਿਗੁਰੂ ਜੀ ਨੇ ਗੁਰ ਸਹਾਇ ਸਿੰਘ ਦੀ ਸੁਣਾਈ ਜਿਸ ਨੂੰ ਸ਼ਬਦ ਦਾ ਸਰੂਪ ਗੁਰੂ ਰਾਮ ਸਿੰਘ ਜੀ ਦੇ ਵਿਚ ਦਿਸਿਆ ਸੀ। ਘਰ ਵਾਲੇ, ਗੁਰ ਸਹਾਇ ਸਿੰਘ ਨੂੰ ਮਰਿਆ ਜਾਣ ਪੈਰਾਂ ਤੇ ਜਾਈਫਲ ਆਦਿ ਮਲ ਰਹੇ ਸਨ ਪਰ ਵਾਪਸੀ ਤੇ ਸੰਤਾਂ ਦਸਿਆ ਕਿ ਜੋ ਸਵਾਦ ਉਹਨਾਂ ਨੂੰ ਅਜ ਆਇਆ ਹੈ ਜ਼ਿੰਦਗੀ ਵਿਚ ਕਦੇ ਵੀ ਨਹੀਂ ਆਇਆ।

ਪਿੰਡ ਅਮਰਾਸਰ ਦੇ ਸੰਤ ਗੋਪਾਲ ਸਿੰਘ ਜੀ ਬਾਬਤ ਸਤਿਗੁਰਾਂ ਕਾਫੀ ਬਚਨ ਸੁਣਾਏ ਕਿ ਉਹ ਬਹੁਤ ਪਹੁੰਚੀ ਹੋਈ ਅਵਸਥਾ ਵਾਲੇ ਸੰਤ ਸਨ।

ਇਕ ਉਪਦੇਸ਼ ਵਿਚ ਸਤਿਗੁਰੂ ਜੀ ਨੇ ਵਿਆਖਿਆ ਕਰਦਿਆਂ "ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੋ" ਦਾ ਜ਼ਿਕਰ ਕੀਤਾ ਤੇ ਕਿਹਾ ਕਿ ਲੋਕਾਂ ਅਤੇ ਕੁਟੰਬ ਨਾਲੋਂ ਟੁਟ ਜਾਣ ਤੇ ਪਰਮਾਤਮਾ ਨਿਹਾਲ ਕਰਦਾ ਹੈ। ਪਰ ਤੁਸੀਂ ਵੇਖੋ ਕਿ ਇਨਸਾਨ ਲੋਕ ਅਤੇ ਕੁਟੰਬ ਤੋਂ ਪੈਸਿਆਂ ਖਾਤਰ ਤੋੜ ਲੈਂਦਾ ਹੈ। ਪਿਛੇ ਅਖਬਾਰਾਂ ਵਿਚ ਇਕ ਐਸਾ ਹਾਦਸਾ ਛਪਿਆ ਸੀ ਜਿਸ ਵਿਚ ਜਾਇਦਾਦ ਦੀ ਖਾਤਰ ਇਕ ਆਦਮੀ ਨੂੰ ਮਾਰਿਆ ਗਿਆ ਉਸ ਦੀ ਧੌਣ ਦੇ ਥਲੇ ਬਾਟਾ ਰੱਖਿਆ ਤਾਂ ਕਿ ਲਹੂ ਥਲੇ ਨਾ ਡੁਲ੍ਹੇ। ਟੱਕ ਮਾਰ ਕੇ ਖੂਹੀ ਵਿਚ ਦਬ ਦਿਤਾ। ਉਸਨੂੰ ਫਿਰ ਕੁੱਤਿਆਂ ਨੇ ਪੁਟਿਆ। ਲੋਗ ਕੁਟੰਬ ਤੋਂ ਬੜੀ ਛੇਤੀ ਤਰ੍ਹਾਂ ਟੁੱਟੀਦਾ ਹੈ। ਸਤਿਗੁਰੂ ਵਾਲੇ ਧਾਮਿਉਂ ਹੋ ਕੇ ਲੋਕ ਕੁਟੰਬ ਤੋਂ ਟੁਟੀਏ ਤਾਂ ਫਿਰ ਉਹ ਕ੍ਰਿਤ ਕ੍ਰਿਤ ਨਿਹਾਲ ਕਰਦੇ ਹੈ। ਸ: ਦਰਿਆ ਸਿੰਘ ਮਹਿੰਦਰ ਸਿੰਘ ਰਿਸ਼ਤੇਦਾਰ ਵੀ ਹਨ ਪਰ ਲੋਕਾਂ ਨਾਲੋਂ ਟੁਟ ਕੇ ਉਹਨਾਂ ਕੰਮ ਕੀਤਾ ਹੈ। ਵਿਹਾਰ 'ਚ ਕੰਮ ਕਰਦਿਆਂ ਕਈ ਵਾਰ ਪੈਸਾ ਆਉਣਾ ਘਟ ਵੀ ਜਾਂਦਾ ਹੈ ਪਰ ਵਿਹਾਰ ਨਹੀਂ ਛਡੀਦਾ ਇਵੇਂ ਹੀ ਸਾਨੂੰ ਨਾਮ ਨਹੀਂ ਵਿਸਾਰਨਾ ਚਾਹੀਦਾ। ਨਾਮ ਦੇ ਬਰਾਬਰ ਕੋਈ ਚੀਜ਼ ਨਹੀਂ। ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ:

ਰਾਮ ਨਾਮ ਤੁਲਿ

ਸਾਰੀ ਦੁਨੀਆ ਇਕ ਪਾਸੇ ਹੋਵੇ ਇਕ ਪਾਸੇ ਰਾਮ ਦਾ ਨਾਮ ਹੋਵੇ ਤੁਲ ਨਹੀਂ ਹੋ ਸਕਦਾ। ਭਜਨ ਬਾਣੀ ਵਲ ਤਰਜੀਹ ਦੇ ਕੇ ਲਗੋ। ਸਤਿਗੁਰੂ ਰਾਮ ਸਿੰਘ ਜੀ ਦਾ ਜੱਗ ਹੈ ਉਹਨਾ ਦੀ ਮੋਹਰ ਲਗਣੀ ਜ਼ਰੂਰੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਭਾਵਨਾ ਹੋਣੀ ਚਾਹੀਦੀ ਹੈ ਜੇ ਕੋਈ ਲੂਣ ਵਾਲਾ ਪਦਾਰਥ ਬਗੈਰ ਧਿਆਨ ਦਿਤਿਆਂ ਖਾਧਾ ਜਾਵੇ ਤਾਂ ਲੂਣ ਫਿਰ ਵੀ



Sri Satguru Jagjit Singh Ji eLibrary NamdhariElibrary@gmail.com

ਅੰਦਰ ਚਲਾ ਹੀ ਜਾਂਦਾ ਹੈ। ਜੇ ਭਜਨ ਕਰਦਿਆਂ ਧਿਆਨ ਭਜਨ ਵਲ ਕਿਤੇ ਨਹੀਂ ਵੀ ਲਗਦਾ ਤਾਂ ਵੀ ਉਹ ਅਸਰ ਕਰੇਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਥਾਂ ਇਕ ਪ੍ਰਸੰਗ ਵਿਚ ਕਿਹਾ ਸੀ ਕਿ ਪੜ੍ਹੇ ਨਰਕਾਂ ਨੂੰ ਜਾਣਗੇ ਪਰ ਜਿਨ੍ਹਾਂ ਭਜਨ ਕੀਤਾ ਉਹ ਅਨਪੜ੍ਹਿਆ ਵੀ ਤਰ ਜਾਵੇਗਾ। ਅਰਦਾਸ ਕਰਕੇ ਸਤਿਗੁਰਾਂ ਦਾ ਹੁਕਮ ਮੰਨਿਆ ਕਰੋ। ਇਕ ਘੰਟਾ ਨਾਮ ਸਿਮਰਨ ਸਵੇਰੇ ਰੋਜ਼ ਇਸ਼ਨਾਨ ਕਰਿਆ ਕਰੋ। ਆਲੇ ਦੁਆਲੇ ਸੁਖ ਜਾਂਦੀ ਲੋਕਾਂ। ਅਤੇ ਚੰਗਾ ਥਾਂ ਮਿਲੇਗਾ।

## ਸ: ਦਇਆ ਸਿੰਘ ਮਠਰੂ

ਦਾਰਾ ਸਲਾਮ ਛੱਡਣ ਤੋਂ ਪਹਿਲਾਂ ਮੈਂ ਸ: ਦਇਆ ਸਿੰਘ ਜੀ ਮਨੋ-ਅਵਸਥਾ ਜਾਨਣੀ ਚਾਹੀ। ਉਹਨਾਂ ਦਾ ਘਰ ਕਿੰਨੇ ਦਿਨਾਂ ਤੋਂ ਸਤਿਗੁਰੂ ਜੀ ਦਾ ਨਿਵਾਸ ਅਸਥਾਨ ਬਣਿਆ ਹੋਇਆ ਸੀ ਅਤੇ ਇਕ ਸਤਿਸੰਗੀ ਮੇਲੇ ਦਾ ਰੂਪ ਧਾਰਿਆ ਹੋਇਆ ਸੀ। ਉਹ ਸਤਿਗੁਰੂ ਜੀ ਦੀ ਕ੍ਰਿਪਾਲਤਾ ਦੇ ਪਿਆਰ ਵਿਚ ਭਿਜੇ ਹੋਏ ਸਨ। ਉਹਨਾਂ ਕਾਫੀ ਕੁਝ ਦਸਿਆ। ਇਸ ਤੋਂ ਬਾਅਦ ਉਹਨਾਂ ਨੈਰੋਬੀ ਦੀ ਨਾਮਧਾਰੀ ਧਰਮਸਾਲਾ ਵਿਚ ਵੀ ਆਪਣੇ ਵਿਚਾਰ ਉਹਨਾਂ ਸ਼ੀਹਾਂ ਤੇ ਪੇਸ਼ ਕੀਤੇ। ਮੇਰੇ ਅਰਜ ਕਰਨ ਤੇ ਉਹਨਾਂ ਆਪਣੀਆਂ ਭਾਵਨਾਵਾਂ ਨੂੰ ਲਿਖਤੀ ਰੂਪ ਵਿਚ ਮੈਨੂੰ ਭੇਜਿਆ। ਅਗਲੇ ਨਗਰ ਤੇ ਚਲਣ ਤੋਂ ਪਹਿਲਾਂ ਸ: ਦਇਆ ਸਿੰਘ ਜੀ ਦੇ ਮਨੋਭਾਵ ਪਾਠਕਾਂ ਨਾਲ ਸਾਂਝੇ ਕਰਦਾ ਹਾਂ। ਆਪ ਲਿਖਦੇ ਹਨ:

## ਨੀਚੋਂ ਊਚ ਕਰੇ

...ਗੁਰੂ ਨਾਨਕ ਜੀ ਦੇ ਸਮੇਂ ਅੰਦਰ ਦੇਵਲੂਤ ਨੇ ਗੁਰੂ ਨਾਨਕ ਦੇਵ ਜੀ ਨੂੰ ਰਸੋਈ ਦੀ ਬੇਨਤੀ ਕੀਤੀ। ਭੋਜਨ ਕਰਨ ਲਈ ਆਖਿਆ। ਉਹ ਦੇਵਲੂਤ ਮਾਸ ਖਾਂਦਾ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਹਦੀ ਰਸੋਈ ਕਬੂਲ ਨਹੀਂ ਕੀਤੀ ਸੀ ਤੇ ਕਾਰਨ ਦਸਿਆ ਸੀ ਕਿ ਕਿਉਂਕਿ ਤੂੰ ਜੀਵ ਮਾਰ ਕੇ ਖਾਂਦਾ ਹੈਂ ਇਸ ਵਾਸਤੇ ਅਸੀਂ ਤੇਰੇ ਘਰ ਦਾ ਨਹੀਂ ਖਾਵਾਂਗਾਂ।

ਇਸੇ ਹੀ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਜਾ ਸਾਂਸੀ ਪਿੰਡ ਵਿਚ ਸਤਿਗੁਰੂ ਜੀ ਵਿਚਰ ਰਹੇ ਸਨ ਤਾਂ ਪਿੰਡ ਦੇ ਸਰਦਾਰ ਨੇ ਘੋੜੀ ਦੀ ਵਾਗ ਫੜ ਲਈ ਅਤੇ ਆਖਿਆ ਸੱਚੇ ਪਾਤਸ਼ਾਹ ਅੱਜ ਲੰਗਰ ਮੇਰੇ ਘਰ ਕਰੋ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਖਿਆ ਤੂੰ ਮਾਸ ਖਾਂਦਾ ਹੈਂ। ਤੇਰੇ ਘਰ ਦਾ ਲੰਗਰ ਸਾਨੂੰ ਮਨਜ਼ੂਰ ਨਹੀਂ। ਤੂੰ ਮਾਸ ਸ਼ਰਾਬ ਦਾ ਸੇਵਨ ਬੰਦ ਕਰ ਦੇ ਤਾਂ ਤੇਰੇ ਘਰ ਲੰਗਰ ਕਰਾਂਗੇ ਤਾਂ ਸਰਦਾਰ ਨੇ ਅਗੋਂ ਆਖਿਆ, "ਮੈਂ ਇਹ ਨਹੀਂ ਛੱਡ ਸਕਦਾ" ਤਾਂ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਨੇ ਆਖਿਆ: "ਛੱਡ ਦੇ ਘੋੜੀ ਦੀ ਵਾਗ।"

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਪਹਿਲੀ ਅਫਰੀਕਾ ਦੀ ਫੇਰੀ ਸਮੇਂ ਬੰਬਈ ਤੋਂ ਪਾਣੀ ਵਾਲੇ ਜਹਾਜ਼ ਰਾਹੀਂ ਜਦ ਮੰਬਾਸੇ ਜਾ ਕੇ ਉਤਰੇ ਤਾਂ ਉਥੋਂ ਦਾ ਵਾਤਾਵਰਣ ਦੇਖਦਿਆਂ ਹੋਇਆਂ ਸੱਚੇ ਪਾਤਸ਼ਾਹ ਜੀ ਨੇ ਆਪਣੇ ਨਿੱਜੀ ਲਾਂਗਰੀ ਰਤਨ ਸਿੰਘ ਜੀ ਨੂੰ ਆਖਿਆ ਕਿ ਏਥੇ ਦੇ ਸਾਰੇ ਬੰਦੇ ਮਾਸ ਸ਼ਰਾਬ ਦੀ ਵਰਤੋਂ ਕਰਦੇ ਹਨ ਅਸੀਂ ਮਾਸ ਸ਼ਰਾਬ ਖਾਣ ਪੀਣ ਵਾਲੇ ਦੇ ਘਰ ਦਾ ਕੁਝ ਨਹੀਂ ਖਾਣਾ ਪੀਣਾ ਤੇ ਤੂੰ ਆਪਣੇ ਪੈਸਿਆਂ ਦੀ ਰਸਦ ਲੈ ਕੇ ਲੰਗਰ ਕਰਨਾ ਤਾਂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਬਚਨਾਂ 'ਚ ਇਹ ਗਲ ਆਉਂਦੀ ਹੈ ਕਿ ਇਕ ਲਾਹੌਰ ਤੋਂ ਬੀਬੀ ਨਰਿੰਦਰ ਜੀ ਸਨ ਉਹਨਾਂ ਆਖਿਆ ਸੱਚੇ ਪਾਤਸ਼ਾਹ ਅਸੀਂ ਇਹੋ ਜਿਹੀ ਕਿਸੇ ਚੀਜ਼ ਦੀ ਵਰਤੋਂ ਨਹੀਂ ਕਰਦੇ ਅਤੇ ਭਜਨ ਵੀ ਕਿਆ ਹੋਇਆ ਹੈ। ਉਸ ਘਰ ਸੱਚੇ ਪਾਤਸ਼ਾਹ ਜੀ ਕਿਰਪਾ ਕੀਤੀ ਅਤੇ ਲੰਗਰ ਆਦਿ ਬਣਾਇਆ। ਇਹ ਗਲ ਜਦ ਸਾਰਿਆਂ ਦੇ ਕੰਨਾਂ ਵਿਚ ਪੈ ਗਈ ਕਿ ਮਾਸ ਸ਼ਰਾਬ ਦੀ ਵਰਤੋਂ ਕਰਨ ਵਾਲੇ ਦੇ ਘਰ ਦਾ ਇਹਨਾਂ ਕੁਝ ਨਹੀਂ ਛਕਣਾ ਤਾਂ ਸਾਰਿਆਂ ਨੂੰ ਚੈਨ ਹੋ ਗਏ ਤੇ ਲਗੇ ਵਿਚਾਰਾਂ ਕਰਨ। ਤਾਂ ਸੱਚੇ ਪਾਤਸ਼ਾਹ ਐਸੀ ਕ੍ਰਿਪਾ ਕੀਤੀ ਕਿ ਇਨਸਾਨ ਤੋਂ ਦੇਵਤੇ ਬਣਾ ਦਿਤੇ ਜਿਹਦਾ ਸਿਟਾ ਅਜ ਅਸੀਂ ਵੇਖ ਰਹੇ ਹਾਂ। ਅਨੇਕਾਂ ਘਰਾਂ ਨੇ ਭਜਨ ਪੜ੍ਹ ਕੇ ਮਾਸ ਸ਼ਰਾਬ ਦਾ ਤਿਆਗ ਕਰਕੇ ਆਪਣਾ ਜਨਮ ਸਫਲ ਕੀਤਾ ਅਤੇ ਅਜ ਵੀ ਹੁਣ ਦੇ ਮੌਜੂਦਾ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਦੁਨੀਆਂ ਨੂੰ ਤਾਰਦੇ ਹੋਏ ਪ੍ਰਦੇਸ ਫੇਰੀ ਸਮੇਂ ਯੂਨਾਈਟਿਡ ਸਟੇਟਸ ਗਏ ਉਥੇ ਇਕ ਸਿਖ ਜਿਸਦਾ ਨਾਮ ਦਰਸ਼ਨ ਸਿੰਘ ਜਿਹੜਾ ਕਿ ਬੜਾ ਰਈਸ ਬੜੇ ਹੀ ਪੈਟਰੋਲ ਪੰਪਾਂ ਦਾ ਮਾਲਕ ਹੈ ਉਸ ਨੇ ਲੰਗਰ ਕਰਨ ਵਾਸਤੇ ਬੇਨਤੀ ਕੀਤੀ। ਇਹਨਾਂ ਸਤਿਗੁਰਾਂ ਅਗੋਂ ਬਚਨ ਕੀਤਾ ਕਿ ਤੂੰ ਮਾਸ ਸ਼ਰਾਬ ਦਾ ਤਿਆਗ ਕਰ ਦੇ ਤਾਂ ਤੇਰੇ ਘਰ ਲੰਗਰ ਕਰਾਂਗੇ। ਅਗੋਂ ਉਤਰ ਸਤਿਬਚਨ ਦਾ ਆਇਆ ਤਾਂ ਸ: ਦਰਸ਼ਨ ਸਿੰਘ ਨੂੰ ਆਪਣੇ ਹਿਰਦੇ ਵਿਚ ਥਾਂ ਦੇ ਕੇ ਸਤਿਗੁਰੂ ਜੀ ਨੇ ਨਿਵਾਜਿਆ ਅਤੇ ਲੰਗਰ ਕੀਤਾ।

੧੯੬੪ ਸਮੇਂ ਹੋਏ ਫੇਰੇ ਦੀ ਗਲ ਹੈ ਕਿ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਮਹਾਰਾਜ ਨੇ ਦਾਸ ਦੀ ਅਰਜ਼ ਮੰਨਦਿਆਂ ਨੈਰੋਬੀ ਤੋਂ ਦਾਰਾਸਲਾਮ ਵਿਚੇ ਮੇਰੇ ਗਰੀਬ ਨਿਵਾਜ਼ ਚਾਹਿਆ ਸਿੰਘ ਦੇ ਘਰ ਚਰਨ ਪਾਏ ਤਾਂ ਉਸ ਸਮੇਂ ਦਾਸ ਕੋਲ ਦੋ ਕਮਰੇ ਦਾ ਛੋਟਾ ਜਿਹਾ ਫਲੈਟ ਸੀ। ਚੌਥੀ ਮੰਜ਼ਲ ਤੇ ਸੱਚੇ ਪਾਤਸ਼ਾਹ ਦਾਸ ਦੇ ਗ੍ਰਹਿ ਵਿਖੇ ਸੁਸ਼ੋਭਤ ਸਨ। ਇਕ ਸੋਫੇ ਦੀ ਕੁਰਸੀ ਤੇ ਬੈਠੇ ਸਨ ਤੇ ਏਥੇ ਦਾਰਾ ਸਲਾਮ ਸ਼ਹਿਰ ਦੇ ਕੁਝ ਪਤਵੰਤੇ ਸੱਜਣ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਲਈ ਘਰ ਆਏ ਜਿਥੇ ਕਿ ਸੱਚੇ ਪਾਤਸ਼ਾਹ ਬਿਰਾਜਮਾਨ ਸਨ ਉਹਨਾਂ ਸੱਜਣਾਂ ਵਿਚ ਇਕ ਦਰਸ਼ਨ ਸਿੰਘ ਭਰੋਆ ਸੀ ਗੁਰੂ ਸਿੰਘ ਸਭਾ ਦਾ ਸਕੱਤਰ ਸੀ ਤੇ ਸੱਚੇ ਪਾਤਸ਼ਾਹ ਨਾਲ ਬਚਨ ਬਿਲਾਸ ਕਰਦਿਆਂ ਉਹਨਾਂ ਆਖਿਆ ਕਿ ਸਾਨੂੰ ਅਜ ਹੀ ਪਤਾ ਲਗਾ ਕਿ ਆਪ ਜੀ ਆਏ ਹੋ। ਜੇ ਪਹਿਲਾਂ ਪਤਾ ਲਗਦਾ ਤਾਂ ਆਪ ਜੀ ਲਈ ਕੋਈ ਖੁਲ੍ਹੀ ਜਗਾਹ ਦਾ ਪ੍ਰਬੰਧ ਕਰ ਲੈਂਦੇ। ਗਰੀਬ ਨਿਵਾਜ਼ ਜੀ ਨੇ ਅਗੋਂ ਆਖਿਆ ਕਿ ਜਗ੍ਹਾ ਦੀ ਲੋੜ ਵਿਖੇ (ਦਿਖਾਵੇ ਦਾ ਦਿਖਾਵਾ) ਹੋਣੀ ਚਾਹੀਦੀ ਹੈ ਹੋਰ ਵਡੇ ਥਾਂ ਦੀ ਲੋੜ ਨਹੀਂ। ਬਸ ਫੇਰ ਕੀ ਸੀ। ਘਟ ਘਟ ਕੇ ਅੰਦਰ ਕੀ ਜਾਨਤ, ਸਿਖ ਤੇ ਮਿਹਰ ਕਰਨੀ ਉਹਦੀ ਆਪਣੀ ਤਰਜ਼ ਹੈ। ਏਸ ਤੋਂ ਮਗਰੋਂ ਪਾਤਸ਼ਾਹ ਦੇ ਫੇਰੇ ਹੋਰ ਵੀ ਵਧੇਰੇ ਹੋਏ। ਪਰ ਅਜ ਨਾਮਧਾਰੀ ਇੰਟਰਨੈਸ਼ਨਲ ਮੇਲਾ ਜੋ ਜੂਨ ੨੭-੨੮-੨੯-੩੦ ਨੂੰ ਪਾਤਸ਼ਾਹ ਦੀ ਕਿਰਪਾ ਨਾਲ ਹੋਇਆ ਉਹ ਧਾਤਰੂ ਜਨਾਂ ਦੇਖਿਆ ਹੈ ਕਿ ਕਿਤੇ ਵੱਡੇ ਪੈਮਾਨੇ ਤੇ ਮਹੱਲ ਪਾਤਸ਼ਾਹ ਨੇ ਸੇਵਕਾਂ ਨੂੰ ਬਖਸ਼ ਬਖਸ਼ ਕੇ ਬਣਦਾ ਕਰੇ ਹਨ। ਇਹਨਾਂ ਮਹਲਾਂ ਵਿਚ ਪਾਤਸ਼ਾਹ ਜੀ ਮੇਲੇ ਸਮੇਂ ਬਿਰਾਜਮਾਨ ਹੋਏ ਅਤੇ ਨਾਲ ਨਾਲ ਧਾਤਰੂ ਜਨ ਵੀ ਰਹੇ ਹਨ। ਇਹ ਦ੍ਰਿਸ਼ ਤਕ ਕੇ ਸੇਵਕ ਨੂੰ ਇਹ ਗਲ ਬੜੀ ਯਾਦ ਆਈ। ਸੋਝੀ ਹੋਈ ਕਿ ਪਾਤਸ਼ਾਹ ਨੂੰ ਸਭ ਗਿਆਤ ਹੈ।

ਇਹ ਹਨ ਅਜ ਦੇ ਵਰਤਮਾਨ ਸਤਿਗੁਰੂ ਜੀ ਦੇ ਚੋਜ ਇਹੋ ਜਿਹੀਆਂ ਅਨੇਕਾਂ ਹੀ ਘਟਨਾਵਾਂ ਹਨ। ਸਤਿਗੁਰੂ ਦੀ ਵਡਿਆਈ ਬੰਦਾ ਕੁਝ ਨਹੀਂ ਕਹਿ ਸਕਦਾ। ਛੋਟੀ ਥਾਂ ਤੋਂ ਵਡੀ ਥਾਂ ਆਪ ਹੀ ਬਣਾ ਦਿਤੀ।

### ਮੋਸ਼ੀ ਨੂੰ ਰਵਾਨਗੀ

ਨੌਂ ਜੁਲਾਈ ਨੂੰ ਅਸੀਂ ਦਾਰਾਸਲਾਮ ਦੇ ਰੇਲਵੇ ਸਟੇਸ਼ਨ ਤੇ ਪੁਜੇ। ਸਾਡੇ ਵਿਚੋਂ ਬਹੁਤਿਆਂ ਦੀ ਦਾਰਾ ਸਲਾਮ ਨੂੰ ਅਲਵਿਦਾ ਹੀ ਸੀ ਪਰ ਪਤਾ ਕਿਸੇ ਨੂੰ ਨਹੀਂ ਸੀ। ਸਭ ਸਮਝਦੇ ਸਨ ਕਿ ਵਾਪਸ ਦਾਰਾ ਸਲਾਮ ਆ ਕੇ ਹੀ ਭਾਰਤ ਨੂੰ ਪਰਤਾਂਗੇ। ਪਿਛਲੇ ਜੋ ਦਿਨ ਬਹੁਤ ਦਿਲਚਸਪ ਸਰਗਰਮੀਆਂ ਨਾਲ ਭਰੇ ਰਹੇ ਹਨ। ਕੁਝ ਲੋਕ ਗਡੀਆਂ ਭਰ ਕੇ ਹਵਾਈ ਅੱਡੇ ਕਿਲਮਿਨ ਜਾਰੋ ਦੀ ਸਥਾਨਕ ਉਡਾਣ ਦੁਆਰੇ ਲੈ ਜਾਏ ਜਾਂਦੇ ਅਤੇ ਵਾਪਸ ਆ ਜਾਂਦੇ। ਇਕ ਦਿਨ ਤਾਂ ਤਨਜ਼ਾਨੀਆ ਦੇ ਪ੍ਰਧਾਨ ਨਾਈਰੇਰੇ ਵਿਦੇਸ਼ ਯਾਤਰਾ ਤੇ ਜਾ ਰਹੇ ਸਨ ਇਸ ਵਾਸਤੇ ਸਭ ਹਵਾਈ ਉਡਾਣਾਂ ਰੱਦ ਕਰ ਦਿਤੀਆਂ ਗਈਆਂ। ਇਕ ਦਿਨ ਅੱਡੇ ਤੇ ਜਾ ਕੇ ਪਤਾ ਲਗਾ ਕਿ ਕੋਈ ਸੀਟ ਨਹੀਂ ਹੈ। ਅਤੇ ਅੰਤਲੇ ਦਿਨ ਤਨਜ਼ਾਨੀਆਂ ਸੰਗਤ ਦੇ ਪ੍ਰਧਾਨ ਸ: ਜਸਵੰਤ ਸਿੰਘ ਧਾਲਵੇ ਜੀ ਨੇ ਐਲਾਨ ਕੀਤਾ ਕਿ ੨੭ ਸਵਾਰੀਆਂ ਮੋਸ਼ੀ-ਆਰੂਸ਼ਾ ਰੇਲ ਤੇ ਨਹੀਂ ਜਾ ਰਹੀਆਂ ਸਗੋਂ ਵਾਪਸ ਭਾਰਤ ਜਾਣਗੀਆਂ। ਉਹਨਾਂ ਦੀਆਂ ਸੀਟਾਂ ਦਾ ਪਰਬੰਧ ਹੋ ਗਿਆ ਹੈ। ਇਹਨਾਂ ੨੭ ਸਵਾਰੀਆਂ ਵਿਚ ਹਾਕੀ ਦੀ ਸਾਰੀ ਟੀਮ ਵੀ ਸ਼ਾਮਲ ਸੀ। ਸੋ ਯਕਦਮ ਉਹਨਾਂ ਦੇ ਬਝੇ ਬਝਾਏ ਬਿਸਤਰੇ ਰੇਲ ਤੇ ਚੜਨੋਂ ਰੁਕ ਗਏ। ਬਾਅਦ ਵਿਚ ਉਹ ਭਾਰਤ ਵੀ ਨਾ ਆ ਸਕੇ ਤੇ ਦਾਰਾਸਲਾਮ ਹੀ ਰਹਿਣਾ ਪਿਆ। ਭੁਲੇਖੇ ਨਾਲ ਹੀ ਉਹਨਾਂ ਦੀ ਅਰੂਸ਼ਾ ਯਾਤਰਾ ਮਨਸੂਖ ਹੋ ਗਈ।

### ਰੇਲ ਦਾ ਸਫਰ

ਰੇਲ ਵਿਚ ਦੋ ਡਬਿਆਂ ਵਿਚ ਸੀਟਾਂ ਸਨ। ਫਸਟ ਕਲਾਸ ਵਿਚ ਛੇ ਅਤੇ ਸੈਕਿੰਡ ਵਿਚ ੫੨। ਸੈਕਿੰਡ ਕਲਾਸ ਦੀਆਂ ੫੨ ਉਤੇ ੨੭ ਸਵਾਰੀਆਂ ਨੇ ਬੈਠਣਾ ਸੀ। ਕਿਉਂਕਿ ੨੭ ਭਾਰਤ ਵਾਪਸ ਪਰਤ ਰਹੀਆਂ ਸਵਾਰੀਆਂ ਦੀ ਰੀਜ਼ਰਵੇਸ਼ਨ ਸੀ ਪਰ ਇਥੋਂ ਦੇ ਕਾਨੂੰਨ ਅਨੁਸਾਰ ਇਹ ਰੀਜ਼ਰਵੇਸ਼ਨ ਕੈਂਸਲ ਨਹੀਂ ਸੀ ਹੋ ਸਕਦੀ। ਅਸੀਂ ਸਾਰਿਆਂ ਦੇ ਨਾਲ ਵੱਡੇ ਡਬੇ ਵਿਚ ਹੀ ਬੈਠਣਾ ਪਸੰਦ ਕੀਤਾ। ਸਾਡੇ ਨਾਲ ਕੁਝ ਸਵਾਰੀਆਂ ਦਾਰਾਸਲਾਮ ਦੀਆ ਸਥਾਨਕ ਸੰਗਤ ਦੀਆ ਵੀ ਸਨ। ਇਹ ਸੱਜਣ ਕਈ ਸਾਲਾਂ ਤੋਂ ਇਥੇ ਰਹਿ ਰਹੇ ਸਨ ਪਰ ਉਹ ਰੇਲ ਤੇ ਅਜ ਹੀ ਸਵਾਰ ਹੋ ਰਹੇ ਸਨ। ਸਾਰੀ ਉਮਰ ਹੀ ਰੇਲ ਤੇ ਨਹੀਂ ਚੜ੍ਹੇ। ਰੇਲਵੇ ਕੋਚ ਵਿਚ ਰਾਹ ਪਠਾਂ ਸੀ ਦੂਸਰੇ ਡਬਿਆਂ ਚੋਂ ਸਵਾਰੀਆਂ ਆ ਜਾ ਰਹੀਆਂ ਸਨ।

ਵਿਚਲੇ ਰਸਤੇ ਦੇ ਦੋਹੀਂ ਪਾਸੀਂ ਕੇਵਲ ਦੋ ਦੋ ਸੀਟਾਂ ਸਨ। ਇਹ ਆਰਾਮਦੇਹ ਡੀਲੱਕਸ ਸੀਟਾਂ ਹਵਾਈ ਜਹਾਜ਼ ਵਰਗੀਆਂ ਹੀ ਸਨ ਅਤੇ ਢੋਆਂ ਅਤੇ ਪਿਛੇ ਕਰਕੇ ਬਹੁਤ ਆਰਾਮਦੇਹ ਵੀ ਬਣ ਜਾਂਦੀਆਂ ਸਨ ਜਿਨ੍ਹਾਂ ਤੇ ਸੁੱਤਾ ਵੀ ਜਾ ਸਕਦਾ ਸੀ। ਬਾਹਰ ਵੇਖਣ ਵਾਲੇ ਸ਼ੀਸ਼ੇ ਬਹੁਤ ਵਡੇ ਸਨ



Sri Satguru Jagjit Singh Ji eLibrary NamdhariElibrary@gmail.com

ਕੋਈ ਇਕ ਮੀਲ ਉਚੇ ਪਏ ਇਹ ਖੁਲ੍ਹਦੇ ਉਂਘਦੇ ਸਨ ਜਾਪਦਾ ਸੀ ਕਿ ਜੇ ਸ਼ੀਸ਼ੇ ਖੁਲ੍ਹੇ ਰਹਿਣ ਤਾਂ ਕਿਸੀ ਹਵਾ ਨਹੀਂ ਸੀ ਪੈਂਦੀ। ਬਹੁਤ ਸਾਰੀਆਂ ਸਵਾਰੀਆਂ ਖੜੀਆਂ ਹੋ ਕੇ ਹੀ ਸ਼ੀਸ਼ਿਆਂ ਨਾਲ ਚਿਪਕੀਆਂ ਬਾਹਰ ਦੇ ਦ੍ਰਿਸ਼ਾਂ ਦਾ ਨਜ਼ਾਰਾ ਮਾਣ ਰਹੀਆਂ ਸਨ।

## ਮੇਡ ਇਨ ਇੰਡੀਆ

ਇਹ ਡੱਬੇ ਭਾਰਤ ਦੇ ਹੀ ਬਣੇ ਹੋਏ ਸਨ ਮਜ਼ਬੂਤ ਸਨ। ਗੱਡੀ ਦਾ ਸਫ਼ਰ ਸੀਟਾਂ ਵਲੋਂ ਤਾਂ ਆਰਾਮਦੇਹ ਸੀ ਪਰ ਸਭ ਤੋਂ ਵੱਡਾ ਦੁਖ ਇਹ ਸੀ ਕਿ ਲੈਟਰਿਨ ਵਿਚ ਤੁਪਕਾ ਵੀ ਪਾਣੀ ਨਹੀਂ ਸੀ। (ਜਦੋਂ ਰਾਤ ਪਈ ਤਾਂ ਬਿਜਲੀ ਵੀ ਨਹੀਂ ਸੀ)।

ਬਾਹਰ ਦਿਸਦਾ ਇਲਾਕਾ ਝਾੜੀਆਂ ਆਦਿ ਦਾ ਬਣ ਸੀ। ਹਰੀਆਂ ਝਾੜੀਆਂ, ਘਣੇ ਦਰਖਤ, ਕੇਲਿਆਂ ਦੇ ਝੁੰਡਾਂ ਦੇ ਵਿਚੋਂ ਦੀ ਮੀਟਰ ਗੇਜ ਰੇਲ ਗੱਡੀ ਥੋਹੜੀ ਸਪੀਡ ਤੇ ਜਾ ਰਹੀ ਸੀ। ਖੇਤਾਂ ਵਿਚ ਛੋਟੀਆਂ ਝੁਗੀਆਂ ਵੀ ਬਣੀਆਂ ਹੋਈਆਂ ਸਨ ਕੁਝ ਦੂਹਰੀ ਛਤਾਂ ਵਾਲੀਆਂ ਵੀ ਸਨ। ਰਸਤੇ ਵਿਚ ਠਹਿਰਾਓ ਬਹੁਤ ਘਟ ਹੀ ਆਏ।

ਪਰ ਜਦੋਂ ਗੱਡੀ ਰੁਕਦੀ ਤਾਂ ਸਵਾਰੀਆਂ ਰੇਲ ਡੱਬੇ ਦੇ ਆਰਪਾਰ ਆਉਂਦੀਆਂ। ਚਲਦੀ ਗੱਡੀ ਵਿਚ ਵੀ ਲੋਕ ਇਕ ਪਾਸਿਓਂ ਦੂਸਰੇ ਪਾਸੇ ਤੁਰੇ ਰਹਿੰਦੇ।

## ਰੇਲ ਵਿਚ ਦੀਵਾਨ

ਰੇਲ ਵਿਚ ਪਹਿਲਾ ਕੰਮ ਤਾਂ ਇਹ ਕੀਤਾ ਗਿਆ ਕਿ ਦੋ ਸਥਾਨਕ ਸਿੱਖਾਂ ਨੂੰ ਪਹਿਰੇ ਤੇ ਖੜਾ ਕਰਕੇ ਇਕ ਘੰਟਾ ਨਾਮ ਸਿਮਰਨ ਕੀਤਾ ਗਿਆ। ਫੇਰ ਕੁਝ ਦੇਰ ਸ: ਪ੍ਰੀਤਮ ਸਿੰਘ ਰੀਹਲ ਯੂ.ਕੇ. ਵਾਲਿਆਂ ਕੁਝ ਕਵਿਤਾਵਾਂ ਅਤੇ ਕੁਝ ਵਖਿਆਨ ਕੀਤਾ ਉਸ ਬਾਅਦ ਸੰਤ ਨਰਨੇਮ ਸਿੰਘ ਜੀ ਦੇ ਸਾਹਿਬਜ਼ਾਦੇ ਨੇ ਇਕ ਸ਼ਬਦ ਪੜ੍ਹਿਆ ਅਤੇ ਅੰਤ ਉਤੇ ਸੰਤ ਮਨੋਹਰ ਸਿੰਘ ਜੀ ਨੇ ਜੋਟੀਆਂ ਦੀਆਂ ਧਾਰਨਾਵਾਂ ਵਿਚ ਸ਼ਬਦ ਪੜ੍ਹੇ।

## ਸ਼ੀੜਾ

ਰੇਲ ਵਿਚ ਖੁਸ਼ਨੁਮਾ ਵਾਤਾਵਰਨ ਹੀ ਰਿਹਾ। ਪ੍ਰਧਾਨ ਸਤਵੰਤ ਸਿੰਘ ਦਾ ਇਕ ਅਫਰੀਕਨ ਨੌਕਰ ਸੀ। ਉਸ ਦਾ ਨਾਮ ਸ਼ੀੜਾ ਸੀ ਤੇ ਪੰਜਾਬੀ ਹਿੰਦੀ ਜਾਣਦਾ ਸੀ। ਉਹ ਵੀ ਨਾਲ ਹੀ ਸਫਰ ਕਰ ਰਿਹਾ ਸੀ। ਜਦੋਂ ਉਹ ਪੰਜਾਬੀ ਵਿਚ ਗੱਲ ਕਰਦਾ ਤਾਂ ਸਾਰੇ ਹੱਸ ਪੈਂਦੇ। ਬਹੁਤ ਉਤਸੁਕਤਾ ਨਾਲ ਉਸਨੂੰ ਸੁਣਦੇ। ਉਹ ਕਹਿੰਦਾ ਓ ਪਾ ਜੀ ਕੀ ਗਲ ਏ, ਤੁਸੀਂ ਕੀ ਖਾਓਗੇ : ਫੇਰ ਗਾਣੇ ਗਾਉਂਦਾ "ਮੇਰੇ ਸਾਹਨੇ ਕੀ ਰਾਣੀ ਕਬ ਆਏਗੀ"। ਇਹ ਭਾਰਤੀ ਫਿਲਮੀ ਗਾਣਿਆਂ ਦਾ ਅਸਰ ਸੀ। ਇਹ ਬਚਪਨ ਤੋਂ ਹੀ ਪੰਜਾਬੀ ਵਾਤਾਵਰਨ ਵਿਚ ਪਲਣ ਕਰਕੇ ਪੰਜਾਬੀ ਸਿਖ ਗਿਆ ਸੀ। ਦਾਰਾਸਲਾਮ ਜਿਆਦਾ ਸਮੇਂ ਵੀ ਇਸਦਾ ਇਸੇ ਕਰਕੇ ਬਹੁਤ ਸੁਖ ਸੀ ਇਹ ਮਖੌਲੀਆ ਵੀ ਬਹੁਤ ਸੀ। ਇਹ ਆਏ ਯਾਤਰੂਆਂ ਦੀ ਬਹੁਤ ਸੇਵਾ ਕਰਦਾ ਨਾਲ ਪਾਣੀ ਪੁਛਦਾ ਲਿਆਉਂਦਾ ਪਰ ਕਦੇ ਕਦੇ ਵਾਹਵਾ ਠੱਠਾ ਵੀ ਕਰਦਾ। ਇਕ ਦਿਨ ਪੁਛਣ ਲਗਾ ਠੰਡਾ ਪੀਓਗੇ? ਦੁਧ? ਹਾਟਾ? ਰਾਗੀ ਹਰਭਜਨ ਸਿੰਘ ਨੇ ਸਭ ਨੂੰ ਪੁਛ ਕੇ ਕਿਹਾ ਦੋ ਦੂਧ, ਤੀਨ ਹਾਟਾ, ਦੋ ਠੰਡਾ...ਵਾਪਸ ਆ ਕੇ ਕਹਿਣ ਲਗਾ...ਦੂਧ ਖਲਾਸ, ਠੰਡਾ ਖਲਾਸ, ਚਾਟਾ ਖਲਾਸ ਤੇ ਫੇਰ ਜ਼ੋਰ ਦੀ ਠਹਾਕਾ ਮਾਰ ਕੇ ਹਸਿਆ। ਸਤਵੰਤ ਸਿੰਘ ਦੇ ਹੋਟਲ ਵਿਚ ਵੀ ਇਹ ਕੰਮ ਕਰਦਾ ਸੀ। ਜਦੋਂ ਹੋਲਾ ਸਮਾਪਤ ਹੋਇਆ ਤਾਂ ਇਸ ਤੋਂ ਠੰਡਾ ਸੋਡਾ ਮੰਗਿਆ ਗਿਆ।

ਸ਼ੀੜਾ ਦੋ ਠੰਡਾ ਲਾਓ<br>
ਮਨੀ? (ਪੈਸੇ ਹੈਗੇ ਨੇ)<br>
ਨੋ ਮਨੀ (ਪੈਸੇ ਨਹੀਂ)<br>
ਠੰਡਾ ਪਾਣੀ

ਉਹਦਾ ਉਤਰ ਸੀ। ਇਹਨਾਂ ਹਰਕਤਾਂ ਕਰਕੇ ਉਹ ਬਹੁਤ ਹਰਮਨ ਪਿਆਰਾ ਸੀ ਅਤੇ ਅਫਰੀਕਨ ਦੁਨੀਆ ਨਾਲ ਸਾਡੀ ਸਾਂਝ ਸੀ, ਬੋਲੀ ਕਰਕੇ।

## ਚੋਰੀ ਦਾ ਡਰ

ਤਨਜ਼ਾਨੀਆ ਵਿਚ ਚੋਰੀਆਂ ਦਾ ਬਹੁਤ ਡਰ ਰਹਿੰਦਾ ਹੈ ਅਤੇ ਰੇਲ ਸਫਰ ਵਿਚ ਸਾਨੂੰ ਬਹੁਤ ਕਿੱਸੇ ਸੁਣਾਏ ਗਏ ਅਤੇ ਸਾਵਧਾਨੀ ਵਰਤਨ ਨੂੰ ਕਿਹਾ ਗਿਆ ਪਰ ਇਹ ਡੱਬੇ ਤਾਂ ਅੰਦਰੋਂ ਬੰਦ ਨਹੀਂ ਸਨ ਹੋ ਸਕਦੇ।

ਇਸ ਗੱਲ ਦਾ ਸਾਨੂੰ ਜਾਤੀ ਤਜਰਬਾ ਵੀ ਸੀ। ਦਾਰਾਸਲਾਮ ਵਿਚ ਜਿਸ ਘਰ ਵਿਚ ਅਸੀਂ ਠਹਿਰੇ ਹੋਏ ਸੀ। ਉਹਨਾ ਦਾ ਵੀ.ਸੀ.ਆਰ. ਚੋਰੀ ਹੋਇਆ ਸੀ ਜਦੋਂ ਕਿ ਤਿੰਨ ਜੰਦਰੇ ਅਤੇ ਚੋਰ ਨਾਲ ਦੀਆਂ ਤਿੰਨ ਕੰਧਾਂ ਦੀਆਂ ਤਾਰਾਂ ਕੱਟ ਕੱਟ ਕੇ ਆਏ ਸਨ। ਹਰ ਘਰ ਵਿਚ ਦੋ ਦੋ ਪਹਿਰੇਦਾਰ ਸਨ ਅਤੇ ਰਾਤ ਦਿਨ ਪਹਿਰਾ ਚਲਦਾ ਸੀ ਘਰਾਂ ਨੂੰ ਮੋਟੇ ਮੋਟੇ ਲੋਹੇ



Sri Satguru Jagjit Singh Ji eLibrary NamdhariElibrary@gmail.com

ਦੀਆਂ ਗੱਡਿਆਂ ਲਾਈਆਂ ਗਈਆਂ ਸਨ। ਰੇਲ ਸਫਰ ਵਿਚ ਨਾਲ ਜਾ ਰਹੇ ਨੌਜਵਾਨ ਸਾਰੀ ਰਾਤ ਲਗ ਭਗ ਜਾਗਦੇ ਰਹੇ ਪਰ ਸਾਡੇ ਵੇਖਦਿਆਂ ਹੀ ਇਕ ਕਾਰਾ ਹੋ ਹੀ ਗਿਆ।

ਸਾਡੇ ਵਾਲੇ ਡੱਬੇ ਵਿਚ ਕੁਝ ਸਧਾਰਨ ਕਾਲੇ ਯਾਤਰੂ ਵੀ ਸਨ। ਇਕ ਥਾਂ ਤੇ ਸਟੇਸ਼ਨ ਲਾਗੇ ਗੱਡੀ ਜ਼ਰਾ ਹੌਲੀ ਹੋਈ ਤਾਂ ਇਕ ਕਾਲਾ ਨੌਜਵਾਨ ਬਿਜਲੀ ਦੀ ਫੁਰਤੀ ਵਾਂਗ ਦਰਵਾਜ਼ੇ ਵਲੋਂ ਅੰਦਰ ਆਇਆ ਅਤੇ ਕਾਲੇ ਯਾਤਰੀ ਦੀ ਘੜੀ ਗੁਟ ਨਾਲੋਂ ਧਰੂਹ ਕੇ ਉਸੇ ਬਾਰੀ ਦੁਆਰੇ ਥੀਨੇ ਉਤਰ ਵੀ ਗਿਆ ਅਤੇ ਹਨੇਰੇ ਵਿਚ ਕੁਝ ਪਤਾ ਨਾ ਲਗਾ ਕਿ ਕਿਧਰ ਛਾਈਂ ਮਾਈਂ ਹੋ ਗਿਆ।

ਸਭ ਹੈਰਾਨ ਰਹਿ ਗਏ। ਸਾਡੇ ਡੱਬੇ ਵਿਚ ਤਾਂ ਪਾਣੀ ਦੀ ਬੂੰਦ ਵੀ ਨਹੀਂ ਸੀ। ਪਰ ਦੂਸਰੀ ਸਵੇਰ ਨੂੰ ਇਕ ਸਜਨ ਪਤਾ ਲੈ ਆਇਆ ਕਿ ਅਗਲੇ ਫਸਟ ਕਲਾਸ ਦੇ ਡਬਿਆਂ ਵਿਚ ਪਾਣੀ ਹੈ। ਬਸ ਫਿਰ ਕੀ ਸੀ ਸਭ ਸਵਾਰੀਆਂ ਵਾਰੀ ਵਾਰੀ ਚੜ੍ਹ ਹਾਜਤ ਹੋ ਆਈਆਂ ਅਤੇ ਹੱਥ ਮੂੰਹ ਧੋ ਆਈਆਂ। ਸੰਤੀ ਸਿੰਘਾਂ ਕੋਲ ਤਾਂ ਆਪਣਾ ਖੂਹ ਜਾਂ ਨਦੀ ਦੇ ਪਾਣੀ ਦਾ ਸਟਾਕ ਹੈ ਸੀ!

## ਮੋਸ਼ੀ ਪੁਜ ਗਏ

ਤੁਰਦਿਆਂ ਕਰਦਿਆਂ ਅਗਲੇ ਦਿਨ ੧੧ ਵਜੇ ਅਸੀਂ ਮੋਸ਼ੀ ਪੁਜ ਗਏ। ਇਥੇ ਸ: ਦਲਜੀਤ ਸਿੰਘ ਨਿਵਾਸ ਰਖਦੇ ਹਨ ਉਹਨਾਂ ਦਾ ਘਰ ਸਟੇਸ਼ਨ ਦੇ ਲਾਗੇ ਹੀ ਹੈ। ਉਥੇ ਜਾ ਕੇ ਇਸ਼ਨਾਨ ਕਰਕੇ ਲੰਗਰ ਛੱਕਿਆ ਤੇ ਤ੍ਰਿਪਤੀ ਹੋਈ।

ਸ: ਦਲਜੀਤ ਸਿੰਘ ਨੇ ਜਲੰਧਰ ਵਿਚ ਆਪਣਾ ਮਕਾਨ ਬਣਵਾਇਆ ਹੈ ਉਹ ਬੜੀ ਤੀਬਰਤਾ ਨਾਲ ਉਡੀਕ ਕਰਦੇ ਰਹੇ ਹਨ ਕਿ ਕਦੋਂ ਸਤਿਗੁਰੂ ਜੀ ਦਾ ਦੌਰਾ ਹੋਵੇ ਅਤੇ ਨਾਲ ਅਸੀਂ ਵੀ ਉਹਨਾਂ ਕੋਲ ਕੁਝ ਸਮਾਂ ਬਤੀਤ ਕਰਦੇ ਪਰ ਪ੍ਰੋਗਰਾਮ ਵਿਚ ਬਦਲੀ ਹੋਣ ਕਰਕੇ ਅਸੀਂ ਅੱਜ ਹੀ ਪੁਜ ਕੇ ਅੱਜ ਹੀ ਅਗਲੇ ਸਫਰ ਤੇ ਆਰੂਸ਼ਾ ਸ਼ਹਿਰ ਨੂੰ ਚਲੇ ਜਾਣਾ ਸੀ।

ਸ: ਦਲਜੀਤ ਸਿੰਘ ਜੀ ਨੇ ਦਸਿਆ ਕਿ ਸਤਿਗੁਰੂ ਜੀ ੭ ਜੁਲਾਈ ਨੂੰ ਦਾਰਾਸਲਾਮ ਤੋਂ ਰਾਤ ੧੦ ਵਜੇ ਮੋਸ਼ੀ ਪੁਜੇ। ਆਪ ਜੀ ਦਾ ਡੇਰਾ ਸ: ਗੁਰਮੀਤ ਸਿੰਘ ਤਮਰਾ ਪੇਨ ਫੈਲਡ ਵਾਲਿਆਂ ਦੇ ਘਰ ਸੀ ਅਤੇ ਲੰਗਰ ਵੀ ਇਥੇ ਸੀ।

੮ ਜੁਲਾਈ ਦੀ ਆਸਾ ਦੀ ਵਾਰ ਦਾ ਕੀਰਤਨ ੪,੩੦ ਤੋਂ ੬.੩੦ ਤਕ ਹਿੰਦੂ ਮੰਦਿਰ ਦੇ ਕੀਤਾ ਹਾਲ ਵਿਚ ਸੀ। ਇਹ ਸਾਰਾ ਦਿਨ ਸਤਿਗੁਰੂ ਜੀ ਮੋਸ਼ੀ ਰਹੇ। ਦਿਨੇ ੯ ਤੋਂ ੧੨ ਤਕ ਮਰਾਂਗੋ ਫਾਲ (ਉਪਰੋਂ ਪਹਾੜੀ ਤੋਂ ਪਾਣੀ ਡਿਗਣ ਵਾਲੀ ਥਾਂ) ਵੇਖਣ ਗਏ। ਦੁਪਹਿਰ ਬਾਅਦ ੪ ਤੋਂ ੫ ਸੇਵਕਾਂ ਦੇ ਘਰਾਂ ਵਿਚ ਚਰਨ ਪਾਉਣ ਗਏ ਇਕ ਨਵਾਂ ਪਰਿਵਾਰ ਵੀ ਭਜਨ ਪੁਛ ਕੇ ਸਿੰਘ ਸਜਿਆ। ੫ ਤੋਂ ੬ ਤਕ ਨਾਮ ਸਿਮਰਨ ਹੋਇਆ। ੬ ਤੋਂ ੮ ਤਕ ਕੀਰਤਨ ਅਤੇ ਪੰਡਿਤ ਗੋਪਾਲ ਸਿੰਘ ਜੀ ਦੀ ਕਥਾ ਹੋਈ।

੯ ਜੁਲਾਈ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਅਤੇ ੧੦ ਵਜੇ ਆਰੂਸ਼ਾ ਸ਼ਹਿਰ ਵਾਸਤੇ ਵਿਦਾ ਹੋ ਗਏ।

## ਆਰੂਸ਼ਾ ਨੂੰ

ਅਸੀਂ ੧੦ ਤਾਰੀਖ ਨੂੰ ਮੋਸ਼ੀ ਪੁਜੇ ਅਤੇ ਸੰਗਤ ਬਾਅਦ ਵਿਸ਼ੇਸ਼ ਬਸ ਰਾਹੀਂ ਆਰੂਸ਼ਾ ਨੂੰ ਚਲ ਪਏ। ਇਹ ਇਲਾਕਾ ਬਹੁਤ ਹੀ ਸੁੰਦਰ ਅਤੇ ਹਰਿਆ ਭਰਿਆ ਸੀ। ਰੇਲ ਵਿਚੋਂ ਵੀ ਸਵੇਰੇ ਬਹੁਤ ਮਨਮੋਹਣੇ ਦ੍ਰਿਸ਼ ਵੇਖਣ ਨੂੰ ਮਿਲੇ ਅਤੇ ਹੁਣ ਸੜਕ ਵੀ ਬਹੁਤ ਸਾਫ ਅਤੇ ਸੁੰਦਰ ਸੀ। ਆਲੇ ਦੁਆਲੇ ਕਾਫੀ ਹੇ ਬਾਗਾਂ ਦੀ ਬਹਾਰ ਸੀ। ਬਹੁਤ ਸਫਾਈ ਅਤੇ ਸਲੀਕਾ ਸੀ ਜਿਵੇਂ ਯੂਰਪ ਦਾ ਇਲਾਕਾ ਹੋਵੇ।

ਸਾਨੂੰ ਦਸਿਆ ਗਿਆ ਕਿ ਇਹ ਇਲਾਕਾ ਕੀਨੀਆ ਦੇ ਨਾਲ ਲਗਦਾ ਹੈ ਅਤੇ ਜਿਉਂ ਜਿਉਂ ਕੀਨੀਆ ਦੀ ਰਾਜਧਾਨੀ ਨੈਰੋਬੀ ਵਲ ਜਾਂਦੇ ਜਾਵਾਂਗੇ ਇਹ ਸੁੰਦਰਤਾ ਅਤੇ ਆਧੁਨਿਕਤਾ ਵਧੇਗੀ।

ਤਿੰਨ ਵਜੇ ਅਸੀਂ ਆਰੂਸ਼ਾ ਪੁਜ ਗਏ। ਰਸਤੇ ਵਿਚ ਸੜਕ ਤੇ ਅਸੀਂ ਕਿਲਮਿੰਜਾਰੋ ਦੇ ਹਵਾਈ ਅੱਡੇ ਕੋਲੋਂ ਵੀ ਲੰਘੇ ਸੀ।

ਆਰੂਸ਼ਾ ਸ਼ਹਿਰ ਵੀ ਵਧੀਆ ਲਗ ਰਿਹਾ ਸੀ। ਬਾਜ਼ਾਰ ਵਿਚ ਦੁਕਾਨਾਂ ਵੀ ਸਨ ਇਮਾਰਤਾਂ ਵੀ ਸਾਫ ਸੁਥਰੀਆਂ ਸਨ। ਅਤੇ ਆਵਾਜਾਈ ਵੀ ਕਾਫੀ ਸੀ। ਪਹਿਲੀ ਵਾਰ ਲਗ ਰਿਹਾ ਸੀ ਜਿਵੇਂ ਅਸੀਂ ਕਿਸੇ ਸ਼ਹਿਰ ਵਿਚ ਆਏ ਹਾਂ।

ਸ਼ਾਮ ਦਾ ਨਿਤਨੇਮ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਿੰਦੂ ਮੰਦਿਰ ਦੇ ਹਾਲ ਵਿਚ ਹੋਇਆ। ਉਪਰੰਤ ਰਾਗੀ ਸਿੰਘਾਂ ਦਾ ਕੀਰਤਨ ਹੋਇਆ ਅਤੇ ਅੰਤ ਵਿਚ ਪੰਡਿਤ ਹਰਭਜਨ ਸਿੰਘ ਜੀ ਨੇ ਸੁੰਦਰ ਕਥਾ ਕੀਤੀ।

## ਨੈਰੋਬੀ ਤੋਂ ਸੰਗਤ

ਆਰੂਸ਼ਾ ਕੀਨੀਆ ਬਾਰਡਰ ਦੇ ਲਾਗੇ ਹੋਣ ਕਰਕੇ, ਨੈਰੋਬੀ ਦੀ ਬਹੁਤ ਸੰਗਤ ਕਾਰਾਂ ਤੇ ਹੀ ਇਥੇ ਆਈ ਹੋਈ ਸੀ।



Sri Satguru Jagjit Singh Ji eLibrary NamdhariElibrary@gmail.com

ਪ੍ਰਧਾਨ ਸ: ਸਾਵਣ ਸਿੰਘ ਸੰਧੀ, ਸਕੱਤਰ ਸ: ਹਰਭਜਨ ਸਿੰਘ ਸੋਹਲ, ਸੂਬਾ ਸਤਨਾਮ ਸਿੰਘ ਸ: ਗੁਰਚੰਨ ਸਿੰਘ ਫਲੌਰਾ ਰਘਬੀਰ ਸਿੰਘ ਭਟੀ, ਹਰਭਜਨ ਸਿੰਘ ਚਾਨਾ ਸਮੇਤ ਸਾਰੇ ਪਰਿਵਾਰ ਆਏ ਹੋਏ ਸਨ। ਹਿੰਦੂ ਮੰਦਰ ਵਿਚ ਬਹੁਤ ਗਹਿਮਾ ਗਹਿਮੀ ਸੀ।

### ਅਨੰਦ ਕਾਰਜ

੧੧ ਜੁਲਾਈ ਨੂੰ ਆਸਾ ਦੀ ਵਾਰ ਦੇ ਕੀਰਤਨ ਬਾਅਦ ਸ: ਹਰਭਜਨ ਸਿੰਘ ਚਾਨਾ (ਨੈਰੋਬੀ) ਦੇ ਸਪੁਤਰ ਦਾ ਅਨੰਦ ਕਾਰਜ ਵੀ ਪੂਰਨ ਗੁਰਮਰਿਆਦਾ ਅਨੁਸਾਰ ਹੋਇਆ। ਇਸ ਤੋਂ ਪਹਿਲਾਂ ਹਵਨ ਹੋਇਆ। ਦੀਵਾਨ ਦੀ ਸਮਾਪਤੀ ਬਾਅਦ ਸਾਧ ਸੰਗਤ ਦੇ ਘਰਾਂ ਵਿਚ ਅਤੇ ਦੁਕਾਨਾਂ ਦਫਤਰਾਂ ਕਾਰ-ਖਾਨਿਆਂ ਵਿਚ ਸਤਿਗੁਰੂ ਜੀ ਚਰਨ ਪਾਉਣ ਗਏ।

### ਘਰਾਂ ਨੂੰ ਭਾਗ

ਸੇਵਕਾਂ ਦੀ ਬੇਨਤੀ ਨੂੰ ਪਰਵਾਨ ਕਰਦੇ ਹੋਏ ਆਪ ਥੋੜੇ ਬਾਜ਼ਾਰਾਂ ਗਲੀਆਂ ਵਿਚ ਵੀ ਗਏ। ਲਗ ਭਗ ਤਿੰਨ ਘੰਟੇ ਇਸ ਪ੍ਰੋਗਰਾਮ ਵਿਚ ਲਗੇ। ਅਨੇਕਾਂ ਘਰਾਂ ਨੂੰ ਆਪ ਜੀ ਨੇ ਪਵਿੱਤਰ ਕੀਤਾ। ਵਾਪਸੀ ਤੇ ਸਾਡਾ ਪ੍ਰੋਗਰਾਮ ਠਾਕਰ ਊਦੇ ਸਿੰਘ ਜੀ ਨਾਲ ਇਕ ਝੀਲ 'ਦਲੂਤੀ' ਵੇਖਣ ਦਾ ਬਣ ਗਿਆ। ਜਾਣਾ ਤਾਂ ਠਾਕਰ ਜੀ ਅਤੇ ਪਰਿਵਾਰ ਨੇ ਹੀ ਸੀ ਪਰ ਠਾਕਰ ਊਦੇ ਸਿੰਘ ਜੀ ਕਿਸੇ ਨੂੰ ਨਾਂਹ ਕਰਨ ਵਾਲੇ ਨਹੀਂ ਹਨ—ਹੌਲੀ ਹੌਲੀ ਸਾਰੀ ਸੰਗਤ ਤਿਆਰ ਹੋ ਗਈ। ਆਰੂਸ਼ਾ ਦੇ ਲਾਗੇ ਹੀ ਇਹ ਝੀਲ ਹੈ ਜਿਸ ਦਾ ਆਲਾ ਦੁਆਲਾ ਬਹੁਤ ਲੁਭਾਇਣਾ ਸੀ। ਇਸ ਵਿਚ ਕਿੰਨਾ ਚਿਰ ਠਾਕਰ ਜੀ ਅਤੇ ਹੋਰ ਜਵਾਨ ਕਿਸ਼ਤੀ ਚਲਾਉਣ ਕਰਦੇ ਰਹੇ। ਸੁੰਦਰ ਨਜ਼ਾਰੇ ਮਾਣਦਿਆਂ ਅਸੀਂ ਤਿੰਨ ਵਜੇ ਨਾਮ ਸਿਮਰਨ ਦੇ ਨਿਤਨੇਮ ਵਾਸਤੇ ਦੀਵਾਨ ਅਸਥਾਨ ਪੁਜ ਗਏ।

### ਅਗਰਵਾਲ ਪਰਿਵਾਰ

### ਸ੍ਰੀ ਬੁਧ ਰਾਮ

ਆਰੂਸ਼ਾ ਵਿਚ ਨਾਮਧਾਰੀ ਸੰਗਤ ਦੇ ਮੁਖੀ ਸ੍ਰੀ ਬੁਧ ਰਾਮ ਅਗਰਵਾਲ ਜੀ ਹਨ ਇਹ ਤਨਜ਼ਾਨੀਆ ਦੀ ਹੌਕੀ ਕਮੇਟੀ ਦੇ ਚੇਅਰਮੈਨ ਵੀ ਸਨ। ਜਿਵੇਂ ਕਿ ਮਾਲਵੇ ਦੇ ਇਲਾਕੇ ਵਿਚ ਆਮ ਹੈ ਇਹ ਦੋਵੇਂ ਦਾਹੜੀਆਂ ਵਾਲੇ ਸਿਖ ਹਨ ਪਰ ਨਾਮ ਨਾਲ ਸਿੰਘ ਨਹੀਂ ਹੁੰਦਾ। ਇਸ ਪਰਿਵਾਰ ਦੇ ਦੋ ਭਰਾ ਸ੍ਰੀ ਬੁਧ ਰਾਮ ਜੀ ਅਤੇ ਬੀਰ ਚੰਦ ਜੀ ਇਵੇਂ ਹੀ ਪੂਰਨ ਕੇਸਧਾਰੀ ਹਨ ਜਦਕਿ ਤੀਜੇ ਭਰਾ ਲੇਖ ਰਾਮ ਜੀ ਮੋਨੇ ਹਨ। ਇਹਨਾਂ ਭਰਾਵਾਂ ਦੇ ਪਿਤਾ ਸ੍ਰੀ ਮੋਹਨ ਲਾਲ ਜੀ ਅਜ ਤੋਂ ਪੰਜਾਹ ਸਾਲ ਪਹਿਲਾਂ ਭਾਵ ਸੰਨ ੧੯੩੫ ਵਿਚ ਆਰੂਸ਼ਾ ਪੁਜੇ। ਉਹ ਪਹਿਲਾਂ ਛੇ ਮਹੀਨੇ ਤਾਂ ਨੈਰੋਬੀ ਰਹੇ ਅਤੇ ੧੦ ਅਕਤੂਬਰ ਨੂੰ ਆਰੂਸ਼ਾ ਪੁਜੇ। ਉਦੋਂ ਤਨਜ਼ਾਨੀਆਂ ਕੀਨੀਆ ਤੇ ਯੁਗੰਡਾ ਇਕ ਸਾਂਝਾ ਦੇਸ 'ਈਸਟ ਅਫਰੀਕਾ' ਹੀ ਹੁੰਦਾ ਸੀ। ਸ੍ਰੀ ਮੋਹਨ ਲਾਲ ਜੀ ਨੇ ਦੋ ਥਾਵਾਂ, ਡੌਂਗੋਪੇਸ਼ੀ ਅਤੇ ਆਰੂਸ਼ਾ ਵਿਚ ਕਪੜੇ ਦੀ ਦੁਕਾਨ ਕੀਤੀ। ਡੇਢ ਸਾਲ ਬਾਦ ਭਾਵ ਸੰਨ ੧੯੩੭ ਵਿਚ ਬੁਧ ਰਾਮ ਜੀ ਵੀ ਪਿਤਾ ਜੀ ਕੋਲ ਆਰੂਸ਼ਾ ਪੁਜ ਗਏ। ਉਹਨਾਂ ਨੇ ਆਰੂਸ਼ਾ ਪਹੁੰਚਣ ਦੀ ਤਾਰੀਖ ੧੨ ਮਾਰਚ ੧੯੩੭ ਦਸੀ। ਬੀਰ ਚੰਦ ਜੀ ਸੰਨ ੧੯੪੭ ਵਿਚ ਪੁਜੇ ਕੌਰ ਚੰਦ (ਸੁਰਗਵਾਸੀ) ਸੰਨ ੧੯੪੮ ਵਿਚ ਅਤੇ ਲੇਖ ਰਾਮ ਜੀ ੧੯੭੫ ਵਿਚ ਗਏ। ਇਸ ਵੇਲੇ ਤਨਜ਼ਾਨੀਆ ਵਿਚ ਇਸ ਪਰਿਵਾਰ ਦੇ ਕਈ ਕਾਰੋਬਾਰ ਹਨ। ਬੁਧ ਰਾਮ ਜੀ ਦੀ ਇਕ ਜਨਰਲ ਮਰਚੈਂਟ ਦੀ ਦੁਕਾਨ ਹੈ ਆਰੂਸ਼ਾ ਵਿਚ, ਇਥੋਂ ੧੦੬ ਮੀਲ ਦੂਰ ਬੱਬਾਦੀ ਵਿਚ ਹੈ ਉਥੇ ਹੀ ਇਕ ਪੈਟਰੋਲ ਸਟੇਸ਼ਨ ਹੈ। ਬੁਧ ਰਾਮ ਪਤਲੇ ਅਤੇ ਸਿਹਤਮੰਦ ਜਿਸਮ ਵਾਲੇ ਹਨ ਦਾਹੜੀ ਵਿਚ ਬਹੁਤੇ ਵਾਲ ਅਜੇ ਵੀ ਕਾਲੇ ਹੀ ਹਨ।

### ਬੀਰ ਚੰਦ

ਬੀਰ ਚੰਦ ਭਾਵੇਂ ਛੋਟੇ ਹਨ ਪਰ ਦਾਹੜੀ ਵਿਚ ਸਫੈਦ ਰੰਗ ਜ਼ਿਆਦਾ ਦਿਸ ਰਿਹਾ ਹੈ ਸਰੀਰ ਵਲੋਂ ਵੀ ਭਰਵੇਂ ਹਨ ਬਹੁਤ ਹਲੀਮ ਅਤੇ ਮਿਠੇ ਹਨ। ਇਹਨਾਂ ਦਾ ਜ਼ਿਆਦਾ ਕੰਮ ਆਟੋ ਸਪੇਅਰ ਦਾ ਹੈ। ਆਰੂਸ਼ਾ ਵਿਚ ਤਾਂ ਇਹਨਾਂ ਦੀ ਹਾਰਡਵੇਅਰ ਦੀ ਦੁਕਾਨ ਹੈ ਪਰ ਇਥੋਂ ੪੦੦ ਮੀਲ ਦੂਰ ਮੁਆਂਜ਼ਾ ਵਿਚ—ਰਾਜਧਾਨੀ ਦਾਰਸਲਾਮ ਵਿਚ ਅਤੇ ਰੁਆਂਡਾ ਵਿਚ ਆਟੋ ਸਪੇਅਰ ਪਾਰਟਸ ਦੀਆਂ ਫਰਮਾਂ ਹਨ।

### ਲੇਖ ਰਾਮ

ਤੀਜੇ ਭਾਈ ਲੇਖ ਰਾਮ ਜੀ ਪਗੜੀ ਧਾਰੀ ਮੋਨੇ ਸਿਖ ਹਨ ਅਤੇ ਦੂਜੇ ਦੋਹਾਂ ਭਰਾਵਾਂ ਦੀ ਵਡੀ ਧਿਰ ਹਨ। ਇਹਨਾਂ ਦਾ ਆਰੂਸ਼ਾ ਵਿਚ ਕਪੜੇ ਦਾ ਕਾਰੋਬਾਰ ਹੈ ਅਤੇ ਇਥੋਂ ੧੫੦ ਮੀਲ ਦੂਰ ਬਾਸ਼ਨੇਤ ਵਿਚ ਵੀ ਦੁਕਾਨ ਹੈ।

### ਤਰਸੇਮ ਚੰਦ

ਇਕ ਹੋਰ ਪ੍ਰਸਿਧ ਵਿਅਕਤੀ ਹੈ ਸ੍ਰੀ ਤਰਸੇਮ ਚੰਦ ਜੀ। ਤਰਸੇਮ ਚੰਦ ਬਹੁਤ ਕੁਸ਼ਲ ਅਤੇ ਤਗੜੇ ਵਰਕਰ ਹਨ। ਸਰਕਾਰੇ ਦਰਬਾਰੇ ਅਤੇ ਹਰ ਅਦਾਰੇ ਵਿਚ ਬਹੁਤ ਪਹੁੰਚ ਹੈ। ਬਹੁਤ ਮੀਠ ਸੁਭਾਅ ਦੇ ਮਿਲਣਸਾਰ ਅਤੇ ਸੇਵਾ ਲਈ ਤਤਪਰ ਵਿਅਕਤੀ ਹਨ ਵਿਸ਼ੇਸ਼ ਵਲੋਂ ਇਹ ਸ੍ਰੀ ਬੁਧ ਰਾਮ



Sri Satguru Jagjit Singh Ji eLibrary NamdhariElibrary@gmail.com

ਜੀ ਦੇ ਦਾਮਾਦ ਹਨ।ਸਤਿਗੁਰੂ ਜਗਜੀਤ ਸਿੰਘ ਜੀ ਤੇ ਅਗਾਧ ਸ਼ਰਧਾ ਰਖਦੇ ਹਨ ਨੌਜਵਾਨ ਹਨ, ਜਿਸ ਪਾਸੇ ਪੈਂਦੇ ਹਨ ਕੰਮ ਨੂੰ ਧੱਕ ਕੇ ਲੈ ਜਾਂਦੇ ਹਨ। ਤਰਸੇਮ ਚੰਦ ਜੀ ਦਾ ਪੈਟਰੋਲ ਪੰਪ ਹੈ ਟਰਾਂਸਪੋਰਟ ਦਾ ਕੰਮ ਅਤੇ ਕਿਰਸਾਨੀ ਵਾਸਤੇ ਤਗੜਾ ਫਾਰਮ ਵੀ ਹੈ।

ਸਮੁੱਚੇ ਪਰਿਵਾਰ ਦੀ ਬਹੁਤ ਧਾਂਕ ਹੈ। ਇਸੇ ਕਰਕੇ ਬੜੀ ਵਾਰ ਚੋਰ ਆਣ ਕੇ ਇਹਨਾਂ ਦੇ ਮਾਲ ਅਤੇ ਨਕਦੀ ਤੇ ਹਥ ਸਾਫ ਕਰ ਜਾਂਦੇ ਰਹੇ ਹਨ ਪਰ ਇਹ ਫਿਰ ਵੀ ਦੂਣ ਸਵਾਏ ਹੀ ਹੁੰਦੇ ਰਹੇ ਹਨ।

## ਪੁਰਾਣੇ ਨਾਮਧਾਰੀ

ਇਸ ਪਰਿਵਾਰ ਦਾ ਪਿਛਲਾ ਪਿੰਡ ਰਿਆਸਤ ਪਟਿਆਲਾ ਵਿਚ ਮਾਈਸਰ ਖਾਨਾ ਹੈ ਅਤੇ ਰਿਹਾਇਸ਼ ਮੌੜ ਮੰਡੀ ਜ਼ਿਲ੍ਹਾ ਬਠਿੰਡਾ ਵਿਚ ਸੀ। ਇਹ ਅਗਰਵਾਲ ਪਰਿਵਾਰ ਪੁਰਾਣਾ ਨਾਮਧਾਰੀ ਪਰਿਵਾਰ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਇਹ ਨਾਮਧਾਰੀ ਹਨ। ਇਹਨਾਂ ਦੇ ਪੜਦਾਦਾ ਬਾਬਾ ਮਹਾ ਸਿੰਘਜੀ ਹੋਏ ਜਿਹੜੇ ਸਤਿਗੁਰੂ ਰਾਮ ਸਿੰਘਜੀ ਤੋਂ ਵਰੋਸਾਏ ਗਏ। ਅੱਗੋਂ ਉਹਨਾਂ ਦੇ ਭਰਾ ਹੀਰਾ ਮਲ ਜੀ ਦੇ ਸਪੁਤਰ ਬਾਬਾ ਰਤਨਾ ਰਾਮ ਜੀ ਬਹੁਤ ਪ੍ਰਸਿਧ ਹੋਏ ਉਹਨਾਂ ਦੇ ਵੀਰ ਰਤੀਆ ਰਾਮ ਜੀ ਦੇ ਪੁਤਰ ਸ੍ਰੀ ਮੋਹਨ ਲਾਲ ਜੀ ਹੋਏ। ਅਤੇ ਮੋਹਨ ਲਾਲ ਜੀ ਦੇ ਸਪੁਤਰ ਹੁਣ ਵਾਲੇ ਤਿੰਨੇ ਵੀਰ ਸ੍ਰੀ ਰੂਪ ਰਾਮ, ਬੀਰ ਚੰਦ ਅਤੇ ਲੇਖ ਰਾਮ ਜੀ ਹਨ। ਇਕ ਭਰਾ ਕੇਹਰ ਚੰਦ ਸੁਰਗਵਾਸ ਹੋ ਚੁਕੇ ਸਨ। ਅੱਗੋਂ ਇਹਨਾਂ ਦਾ ਤਗੜਾ ਪਰਿਵਾਰ ਹੈ। ਪੁਤਰ ਪੋਤਰੇ ਧੀਆਂ ਜੁਆਈ ਦੋਹਤਰੇ ਦੋਹਤਰੀਆਂ ਹਨ।

ਮੌੜ ਮੰਡੀ ਵਿਚ ਇਸ ਪਰਿਵਾਰ ਨੇ ਨਾਮਧਾਰੀਆਂ ਦੇ ਬਹੁਤ ਤਗੜੇ ਮੇਲੇ ਕਰਵਾਏ ੧੯੪੬ ਅਤੇ ੧੯੫੩ ਵਿਚ ਸਤਿਗੁਰੂ ਪ੍ਰਤਾਪ ਜੀ ਇਹਨਾਂ ਮੇਲਿਆਂ ਤੇ ਪਧਾਰੇ ਸਨ। ਅਰੂਸ਼ਾ (ਤਨਜ਼ਾਨੀਆ) ਵਿਚ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਿੰਨ ਵਾਰ ਦਰਸ਼ਨ ਦਿਤੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੌਜੂਦਾ ਦੌਰਾ ਸਤਵਾਂ ਦੌਰਾ ਹੈ। ਸ੍ਰੀ ਬੁੱਧ ਰਾਮ ਜੀ ਯੂ. ਕੇ. ਬਰਮਿੰਘਮ ਹੋਲੇ ਤੇ ਵੀ ਗਏ ਸੀ ਦਿਲੀ ਦੇ ਹੋਲੇ ਤੇ ਵੀ ਆਏ ਸਨ, ਪਿੰਡ ਅਮਰਸਰ ਵੀ ਦਰਸ਼ਨ ਕਰਨ ਆਏ ਹੋਰ ਅਨੇਕਾਂ ਹੋਲਿਆਂ ਮਹਲਿਆਂ ਸਮੇਂ ਭਾਰਤ ਯਾਤਰਾ ਤੇ ਆਉਂਦੇ ਰਹੇ ਹਨ।

ਪਿਛਲੇ ਸਾਲ ਯੂ. ਕੇ. ਦੇ ਹੋਲੇ ਤੇ ਪੁਜ ਕੇ ਰੂਪ ਰਾਮ ਜੀ ਨੇ ਅਰੂਸ਼ਾ ਵਿਚ ਹੋਲਾ ਕਰਨ ਦੀ ਅਰਜ਼ ਕੀਤੀ ਜੋ ਮਨਜ਼ੂਰ ਹੋ ਗਈ ਜੋ ਸਾਅਦ ਦੇ ਫੈਸਲੇ ਅਨੁਸਾਰ ਤਨਜ਼ਾਨੀਆ ਦੀ ਰਾਜਧਾਨੀ ਦਾਰਾਸਲਾਮ ਵਿਚ ਕੀਤਾ ਗਿਆ।

(ਚਲਦਾ)


## ਟਰੱਕਾਂ ਦੀਆਂ ਬਾਡੀਆਂ

ਹਰ ਪ੍ਰਕਾਰ ਦੇ ਟਰੱਕਾਂ ਦੀਆਂ ਅਤਿ ਮਜ਼ਬੂਤ ਪਾਏਦਾਰ ਅਤੇ ਬਹੁਤ ਖੂਬਸੂਰਤ ਬਾਡੀਆਂ ਬਨਾਉਣ ਦੇ ਮਾਹਿਰ

## ਪਰਤਾਪ ਬਾਡੀ ਬਿਲਡਰਜ਼
## 51—ਗੁਲਾਬੀ ਬਾਗ
## ਦਿਲੀ—110007

ਮਾਲਕ : ਸੰਤ ਸਾਧਾ ਸਿੰਘ ਮਹਾਰਾਂ ਵਾਲੇ





Sri Satguru Jagjit Singh Ji eLibrary NamdhariElibrary@gmail.com

# ਗਰੀਬਾਂ ਦਾ ਮਸੀਹਾ
# ਸ੍ਰੀ ਗਿਆਨ ਸਿੰਘ ਧੀਂਗੜਾ



ਵਿਸ਼ਵ ਪ੍ਰਸਿਧ ਕਵੀ ਪਾਬਲੋ ਨਾਰੂਦਾ ਨੇ ਕਿੰਨਾ ਸੁੰਦਰ ਅਤੇ ਸੱਚ ਆਖਿਆ ਹੈ, "ਕੁਝ ਮੌਤਾਂ ਅਜਿਹੀਆਂ ਹੁੰਦੀਆਂ ਹਨ ਕਿ ਮਰਨ ਵਾਲਾ ਲੋਕਾਂ ਦੇ ਮਨਾਂ ਵਿਚ ਉਤਰ ਜਾਂਦਾ ਹੈ। ਕੁਝ ਘੜੀਆਂ ਅਜਿਹੀਆਂ ਹੁੰਦੀਆਂ ਨੇ ਜਿਹੜੀਆਂ ਇਤਿਹਾਸ ਨੂੰ ਜਨਮ ਦਿੰਦੀਆਂ ਨੇ। ਅਜਿਹੇ ਪੱਲ ਜੀਣ ਵਾਲੇ ਮਨੁੱਖ, ਅਜਿਹੀਆਂ ਮੌਤਾਂ ਮਰਨ ਵਾਲੇ ਇਨਸਾਨ ਸ਼ਾਇਦ ਸੱਚ ਦੀ ਕੁੱਖ ਤੋਂ ਜਨਮ ਲੈਂਦੇ ਨੇ।"

ਮੇਰੇ ਦੇਸ਼ ਦੇ ਅਨੇਕਾਂ ਵਾਸੀ ਇਹ ਵਿਸ਼ਵਾਸ ਨਹੀਂ ਕਰਨਗੇ ਕਿ ਉਹ ਮਹਾਨ ਮਨੁਖ, ਜਿਸਦਾ ਨਾਂ ਸ੍ਰੀ ਗਿਆਨ ਸਿੰਘ ਧੀਂਗੜਾ ਸੀ, ਹੁਣ ਇਸ ਸੰਸਾਰ ਵਿਚ ਨਹੀਂ ਰਹੇ ਹਨ। ਉਹਨਾਂ ਅਣਗਿਣਤ ਸਾਥੀਆਂ ਨੂੰ, ਜਿਹਨਾਂ ਨੂੰ ਸ੍ਰੀ ਧੀਂਗੜਾ ਜੀ ਨੂੰ ਸੁਣਨ, ਵੇਖਣ ਅਤੇ ਮਿਲਣ ਦਾ ਸੁਭ ਅਵਸਰ ਪ੍ਰਾਪਤ ਹੋਇਆ ਹੈ, ਉਹ ਜਾਣਦੇ ਨੇ ਕਿ ਸ੍ਰੀ ਧੀਂਗੜਾ ਜੀ ਆਪਣੇ ਜੀਵਨ-ਕਾਲ ਵਿਚ ਅਤੇ ਜੀਵਨ ਕਾਲ ਤੋਂ ਬਾਅਦ ਵੀ ਸੱਚ, ਹੱਕ, ਇਨਸਾਫ, ਮਨੁੱਖੀ ਪਿਆਰ ਅਤੇ ਬੇਹਤਰ ਸਮਾਜ ਦੇ ਨਿਰਮਾਣ ਦੀ ਲਾਲਸਾ ਦਾ ਪ੍ਰਤੀਕ ਬਣੇ ਰਹਿਣਗੇ।

ਭਾਰਤ ਦੇ ਪ੍ਰਸਿੱਧ ਸੁਤੰਤਰਤਾ-ਸੈਨਾਨੀ ਅਤੇ ਸਮਾਜ-ਸੇਵਕ ਸ੍ਰੀ ਗਿਆਨ ਸਿੰਘ ਧੀਂਗੜਾ ਆਲ-ਇੰਡੀਆ ਡਾ: ਕੋਟਨਿਸ ਮੈਮੋਰੀਅਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਡਾਕਟਰ ਕੋਟਨਿਸ ਅਕੂਪੰਕਚਰ ਹਸਪਤਾਲ, ਲੁਧਿਆਣਾ ਦੇ ਬਾਨੀ ਸਨ। ਆਪ ਜੀ ਦਾ ਜਨਮ ਸੰਨ ੧੯੧੮ ਵਿਚ ਪਿੰਡ ਮੁਲਾਂਪੁਰ ਜ਼ਿਲਾ ਮੁਲਤਾਨ (ਪਾਕਿਸਤਾਨ) ਵਿਚ ਹੋਇਆ।

ਦੇਸ਼ ਭਗਤੀ ਅਤੇ ਸਮਾਜ ਸੇਵਾ ਦਾ ਜਜ਼ਬਾ ਉਹਨਾਂ ਨੂੰ ਆਪਣੇ ਦਾਦਾ ਸਰਦਾਰ ਤਰਲੋਕ ਸਿੰਘ ਅਤੇ ਚਾਚਾ ਗਿਆਨੀ ਕਰਮ ਸਿੰਘ ਤੋਂ ਵਿਰਾਸਤ ਵਿਚ ਪ੍ਰਾਪਤ ਹੋਇਆ। ਉਹਨਾਂ ਆਪਣੇ ਜੀਵਨ ਦਾ ਹਰ ਪੱਲ, ਹਰ ਸਾਹ ਅਤੇ ਹਰ ਕੋਸ਼ਿਸ਼ ਪਹਿਲਾਂ ਦੇਸ਼ ਦੀ ਅਜ਼ਾਦੀ ਅਤੇ ਬਾਅਦ ਵਿਚ ਸਮਾਜ ਸੇਵਾ ਅਤੇ ਟਰੇਡ ਅੰਦੋਲਨਾਂ ਵਿਚ ਅਰਪਣ ਕੀਤੀ। ਸ੍ਰੀ ਧੀਂਗੜਾ ਜੀ ਨੇ ਆਪਣੀ ੧੨ ਵਰਿਆਂ ਦੀ ਛੋਟੀ ਜਿਹੀ ਉਮਰ ਵਿਚ ਸਰਦਾਰ ਭਗਤ ਸਿੰਘ ਜੀ ਦੀ ਫਾਂਸੀ ਲੱਗਣ ਦੇ ਰੋਹ ਵਜੋਂ ਅੰਗਰੇਜ਼ ਪੁਲਸ ਤੇ ਗੋਲੀ ਚਲਾ ਦਿਤੀ ਸੀ, ਜਿਸ ਦੇ ਸਿੱਟੇ ਵਜੋਂ ਉਹਨਾਂ ਨੂੰ ਅਤੇ ਉਹਨਾਂ ਦੇ ਪ੍ਰੀਵਾਰ ਨੂੰ ਬਹੁਤ ਤਸੀਹੇ ਝਲਣੇ ਪਏ। ਅਗੇ ਚਲਕੇ ਉਹ ੧੯ ਵਰ੍ਹਿਆਂ ਦੀ ਉਮਰ ਵਿਚ ਕਾਂਗਰਸ ਦੇ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਕਰਕੇ ਅਨੇਕਾਂ ਵਾਰ ਲਾਠੀਚਾਰਜ ਕੀਤੇ ਗਏ। ਅਤੇ ਜੇਲ੍ਹਾਂ ਦੀ ਯਾਤਰਾ ਕਰਨੀ ਪਈ ਅਤੇ ਦੇਸ਼ ਦੀ ਆਜ਼ਾਦੀ ਤਕ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ। ਉਹਨਾਂ ਦੇਸ਼ ਦੀ ਆਜ਼ਾਦੀ ਲਈ ਕੁਲ ੧੩ ਵਰ੍ਹੇ ਕੈਦ ਕੱਟੀ। ਜਿਥੇ ਉਹ ਅਣਥੱਕ ਯੋਧੇ ਸਨ, ਉਥੇ ਉਹ ਜੋਸ਼ੀਲੇ ਬੁਲਾਰੇ ਵੀ ਸਨ।

ਉਹਨਾਂ ਦੇ ਇਕ ਇਸ਼ਾਰੇ ਤੇ ਲੱਖਾਂ ਲੋਕ ਆਪਣੀ ਜਾਨ ਵਾਰਨ ਲਈ ਤਿਆਰ ਹੋ ਜਾਂਦੇ ਸਨ।

"ਕਿਆ ਹੂਆ ਗਰ ਮਰ ਮਿਟੇ ਹਮ ਵਤਨ ਕੇ ਵਾਸਤੇ,
ਬੁਲਬੁਲੇਂ ਕੁਰਬਾਨ ਹੋਤੀ ਹੈਂ ਚਮਨ ਕੇ ਵਾਸਤੇ।"

ਇਹ ਨਗਮਾ ਹਮੇਸ਼ਾ ਹੀ ਉਹਨਾਂ ਦੇ ਹੋਠਾਂ ਤੇ ਨੱਚਦਾ ਰਹਿੰਦਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਅੰਗਰੇਜ਼ ਸਰਕਾਰ ਨੇ ਉਹਨਾਂ ਦੀਆਂ ਸਰਕਾਰ ਵਿਰੋਧੀ ਸਰਗਰਮੀਆਂ ਵੇਖਦੇ ਹੋਏ ੬੦੦੦ ਰੁਪਏ ਦਾ ਇਨਾਮ ਰਖਿਆ ਹੋਇਆ ਸੀ; ਪਰ ਬਹੁਤ ਸਾਰੇ ਮੁਸਲਮਾਨ ਵੀਰਾਂ ਅਤੇ ਭੈਣਾਂ ਨੇ ਉਹਨਾਂ ਨੂੰ ਆਪਣੇ ਘਰਾਂ ਵਿਚ ਛੁਪਾਇਆ ਅਤੇ ਗ੍ਰਿਫਤਾਰੀ ਤੋਂ ਬਚਾਇਆ।

ਸ੍ਰੀ ਧੀਂਗੜਾ ਜੀ ਦੇ ਜੀਵਨ ਨਾਲ ਸੰਬੰਧਿਤ ਬਹੁਤ ਸਾਰੀਆਂ ਘਟਨਾਵਾਂ ਪ੍ਰਚਲਿਤ ਹਨ ਪਰ ਸੰਨ ੧੯੩੯ ਵਾਲੀ



Sri Satguru Jagjit Singh Ji eLibrary NamdhariElibrary@gmail.com

ਰੇਲ-ਹੜਤਾਲ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਕਰਨਣ ਯੋਗ ਹੈ। ਉਹ ਗੱਡੀ ਦੇ ਇੰਜਨ ਅੱਗੇ ਲੇਟ ਗਏ ਸਨ। ਪੁਲਿਸ ਉਹਨਾਂ ਨੂੰ ਗੋਲੀ ਮਾਰਨ ਵਾਲੀ ਹੀ ਸੀ ਕਿ ਗੱਡੀ ਵਿਚ ਮੌਜੂਦ ਫੌਜੀ ਸੈਨਿਕਾਂ ਨੇ ਪੁਲਿਸ ਦੇ ਖਿਲਾਫ ਸ੍ਰੀ ਧੀਂਗੜਾ ਜੀ ਦੀ ਪੁਕਾਰ ਤੇ ਵਿਦਰੋਹ ਕਰ ਦਿਤਾ ਸੀ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਥੇ ਫੈਲੇ ਵਿਆਪਕ ਭ੍ਰਿਸ਼ਟਾਚਾਰ, ਬੇਇਨਸਾਫੀ ਅਫਸਰਸ਼ਾਹੀ ਅਤੇ ਸਿਆਸਤਦਾਨਾਂ ਦੀ ਗੈਰ-ਸੰਜੀਦਾ ਭੂਮਿਕਾ ਨੇ ਇਕ ਤਰ੍ਹਾਂ ਉਹਨਾਂ ਦਾ ਕੋਮਲ ਮਨ ਤੋੜ ਦਿੱਤਾ ਅਤੇ ਉਹ ਸੋਚਣ ਲੱਗ ਪਏ ਕਿ ਕੀ ਇਹੋ ਹੀ ਅਜ਼ਾਦੀ ਸੀ, ਜਿਸ ਵਾਸਤੇ ਉਹਨਾਂ ਦੇ ਪੁਰਖਿਆਂ ਅਤੇ ਉਹਨਾਂ ਨੇ ਅਨੇਕਾਂ ਤਸੀਹੇ ਝੱਲੇ ਅਤੇ ਇੰਝ ਉਹਨਾਂ ਨੇ ਆਪਣਾ ਰੁਖ ਨਿਰੋਲ ਮਨੁੱਖੀ ਸੇਵਾ ਵੱਲ ਕੀਤਾ।

ਸੰਨ ੧੯੭੫ ਵਿਚ ਸ੍ਰੀ ਧੀਂਗੜਾ ਜੀ ਨੇ ਲੁਧਿਆਣਾ ਸ਼ਹਿਰ ਦੀ ਸਲੇਮਟਾਬਰੀ ਵਿਖੇ "ਡਾ: ਕੋਟਨਿਸ ਆਕੂਪੰਕਚਰ ਹਸਪਤਾਲ" ਦੀ ਨੀਂਹ ਰੱਖੀ। ਬਸ ਫਿਰ ਕੀ ਸੀ ? ਉਹਨਾਂ ਰਾਤ ਦਿਨ ਇਕ ਕਰ ਦਿੱਤਾ ਅਤੇ ਫਕੀਰਾਂ ਦੀ ਤਰ੍ਹਾਂ ਹਸਪਤਾਲ ਦੀ ਬਿਹਤਰੀ ਲਈ ਜੁਟ ਗਏ। ਦੇਸ਼ ਦੇ ਪ੍ਰਮੁੱਖ ਨਾਗਰਿਕਾਂ ਨੇ ਉਹਨਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ "ਪਿਤਾ ਜੀ" ਅਤੇ "ਗਰੀਬਾਂ ਦਾ ਮਸੀਹਾ" ਕਿਹਾ ਜਾਣ ਲਗ ਪਿਆ। ਉਹਨਾਂ ਇਸ ਹਸਪਤਾਲ ਨੂੰ ਆਪਣੀ ਅਣਥੱਕ ਮਿਹਨਤ, ਲਗਨ ਅਤੇ ਘਾਲਣਾ ਨਾਲ ਇਸ ਪੱਧਰ ਤੇ ਲੈ ਆਂਦਾ ਕਿ ਇਹ ਕੇਂਦਰ ਭਾਰਤ ਦੇਸ਼ ਦਾ ਇਕੋ ਇਕ "ਇਨਡੋਰ ਆਕੂਪੰਕਚਰ ਹਸਪਤਾਲ" ਹੋ ਨਿਬੜਿਆ ਹੈ, ਜਿਥੇ ਹਜ਼ਾਰਾਂ ਨਿਰਾਸ਼ ਮਰੀਜ਼ਾਂ ਨੇ ਦਮਾ, ਅਧਰੰਗ, ਪੋਲੀਓ, ਜੋੜਾਂ ਦਾ ਦਰਦ ਅਤੇ ਲਕਵਾ ਜਿਹੀਆਂ ਭਿਆਨਕ ਬਿਮਾਰੀਆਂ ਤੋਂ ਨਿਜਾਤ ਪਾਈ ਹੈ। ੨੮ ਨਵੰਬਰ, ੧੯੮੫ ਨੂੰ ਸ੍ਰੀ ਧੀਂਗੜਾ ਜੀ ਦੀ ਚਾਣਚੱਕ ਮੌਤ ਨੇ ਜਿਹੜਾ ਖਿਲਾਅ ਪੈਦਾ ਕਰ ਦਿਤਾ ਹੈ, ਉਹ ਨਿਰਸੰਦੇਹ ਪੂਰਾ ਕਰਨਾ ਨਾ ਮੁਮਕਿਨ ਹੈ ਪਰ ਦੇਸ਼ ਦੇ ਸਮਾਜ-ਸੇਵਕਾਂ, ਨਿਰਸੁਆਰਥ ਡਾਕਟਰਾਂ ਅਤੇ ਸੰਜੀਦਾ ਸਿਆਸਤਦਾਨਾਂ ਸਾਹਮਣੇ ਇਕ ਚਨੌਤੀ ਬਣ ਗਿਆ ਹੈ, ਕੀ ਅਸੀਂ ਇਸ ਚੈਲੇਂਜ ਨੂੰ ਸਵੀਕਾਰਦੇ ਹਾਂ ?

ਕੁਲਦੀਪ ਸਿੰਘ ਅਰੋੜਾ, ਪ੍ਰਚਾਰ ਸਕੱਤਰ,
ਡਾਕਟਰ ਕੋਟਨਿਸ ਆਕੂਪੰਕਚਰ, ਹਸਪਤਾਲ,
ਸਲੇਮਟਾਬਰੀ ਲੁਧਿਆਣਾ।

## ਗ਼ਜ਼ਲ

—ਅਮਰੀਕ ਸਿੰਘ

ਦੇ ਦਿਓ ਨਾ ਕੋ ਸੁਨੇਹਾ ਯਾਰ ਨੂੰ।
ਛੱਡ ਹੈ ਰੋਗੀ ਬੜੀ ਬੀਮਾਰ ਨੂੰ।
ਕੁਝ ਨਹੀਂ ਚਾਹੀਦਾ ਬੱਸ ਤੇਰੇ ਬਿਨਾਂ,
ਅੱਖੀਆਂ ਤਰਸਣ ਤੇਰੇ ਦੀਦਾਰ ਨੂੰ।

ਜਿਊਂਦਾ ਹਾਂ ਤੈਨੂੰ ਮਿਲਣ ਦੀ ਆਸ ਤੇ,
ਕਹਿ ਦਿਓ ਨਾ ਕੋ ਮੇਰੇ ਦਿਲਦਾਰ ਨੂੰ।

ਆਪ ਜਿਸ ਨੇ ਆਪਣੀ ਬੇੜੀ ਡੋਬ'ਤੀ,
ਦੋਸ਼ ਕੀ ਦੇਵੇਗਾ ਉਹ ਮੰਝਧਾਰ ਨੂੰ।

ਵਿਛੜਨਾ ਹੀ ਜਿਸ ਦੇ ਭਾਗਾਂ ਵਿਚ ਸੀ,
ਕੂੰਜ ਕਾਹਨੂੰ ਲੱਭਦੀ ਏ ਡਾਰ ਨੂੰ।

ਨਜ਼ਰ ਦਾ ਇਹ ਤੀਰ ਜੋ ਤੂੰ ਮਾਰਿਆ,
ਕੌਣ ਝੱਲ ਸਕਦਾ ਏ ਇਸ ਦੀ ਮਾਰ ਨੂੰ।

ਪਿੰਡ ਅਮਹਾਸਿਹ (ਸਿਰਸਾ)

## ਸੂਚਨਾ

ਬਰਨਾਲਾ—ਪੰਜਾਬੀ ਸਾਹਿਤ-ਜਗਤ ਵਿਚ ਆਮ ਪਤਾ ਹੈ ਕਿ ਰਾਮ ਸਰੂਪ ਅਣਖੀ ਕਹਾਣੀਆਂ ਤੇ ਨਾਵਲ ਲਿਖਦਾ ਹੈ ਤੇ ਉਹਦਾ ਨਾਉਂ ਪਿਛਲੇ ਤੀਹ ਪੈਂਤੀ ਸਾਲਾਂ ਤੋਂ ਪ੍ਰਚਲਤ ਹੈ। ਏਸੇ ਨਾਉਂ ਹੇਠ ਕੋਈ ਨੌਜਵਾਨ ਮੁੰਡਾ ਗੀਤ ਲਿਖਣ ਲੱਗ ਪਿਆ ਹੈ। ਉਹਦਾ ਪਿੰਡ ਲੱਲੂਆਣਾ, ਤਹਿਸੀਲ ਮਾਨਸਾ ਜ਼ਿਲ੍ਹਾ ਬਠਿੰਡਾ ਹੈ। ਭਵਿੱਖ ਵਿਚ ਕਈ ਭੁਲੇਖੇ ਖੜੇ ਹੋ ਸਕਦੇ ਹਨ। ਕਿਸੇ ਵਾਦ ਵਿਵਾਦ ਵਿਚ ਪੈਣ ਨਾਲੋਂ ਇਸ ਨੌਜਵਾਨ ਨੂੰ ਕੋਈ ਹੋਰ ਨਾਉਂ ਰੱਖ ਲੈਣਾ ਚਾਹੀਦਾ ਹੈ।

ਜਗੀਰ ਸਿੰਘ ਜਗਤਾਰ
ਬਰਨਾਲਾ।



Sri Satguru Jagjit Singh Ji eLibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

— ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਨਵੰਬਰ ੧੯੯੫ ਅੰਕ ਵੇਖੋ)

**੧੦ ਸਤੰਬਰ ੧੯੭੮ ਐਤਵਾਰ**
**ਸ੍ਰੀ ਭੈਣੀ ਸਾਹਿਬ**

(ਚਲਦਾ ਪਰਸੰਗ : ਮਾਸਟਰ ਸੋਹਨ ਸਿੰਘ ਪੌਣ ਭੰਨ ਦਾ ਸ: ਆਤਮਾ ਸਿੰਘ ਰਾਵਲ ਪਿੰਡੀ ਬਾਰੇ ਬਿਆਨ)

## ਸ: ਆਤਮਾ ਸਿੰਘ ਨੂੰ ਪ੍ਰੇਰਨਾ

ਇਕ ਹੋਰ ਘਟਨਾ ਬੜੀ ਦਿਲਚਸਪ ਸੁਣਾਈ ਮਾਸਟਰ ਸੋਹਣ ਭੰਨ ਨੇ। ਕਿਰਪ ਬੋਲਿਆ : ਜਦੋਂ ਅਸੀਂ ਵਾਪਸ ਰਾਵਲ ਪਿੰਡੀ ਆਏ ਤਾਂ ਮੈਂ ਸਰਦਾਰ ਨੂੰ ਆਖਿਆ : ਤਾਂ ਗੱਲ ਬਣਦੀ ਹੈ ਜੇ ਤੂੰ ਹੌਲੇ ਚਲੇਂ। ਉਸ ਨੇ ਕਿਹਾ : ਹੌਲੇ ਜਾਣ ਨੂੰ ਤਾਂ ਮੈਂ ਚਲਾ ਹੀ ਜਾਵਾਂਗਾ ਪਰ ਮੈਂ ਕੂਕਾ ਨਹੀਂਓਂ ਬਣਨਾ। ਮੈਂ ਕਿਹਾ : ਕੂਕਾ ਬਣੀ, ਨਾ ਬਣੀ, ਤੇਰੀ ਮਰਜ਼ੀ ਪਰ ਹੌਲੇ ਜ਼ਰੂਰ ਚੱਲ।

ਹੌਲੇ ਤੋਂ ਵੀ ਪਹਿਲਾਂ ਇਕ ਸਮਾਗਮ ਹੋਰ ਆ ਗਿਆ ਮਹਾਰਾਜ ਗੁਰਦਿਆਲ ਸਿੰਘ ਜੀ ਸ਼ਾਦੀ ਦਾ। ਸੰਤ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਵੱਡੀ ਪੁੱਤਰੀ ਬੀਬੀ ਜੀਤ ਕੌਰ ਨੇ ਮੈਨੂੰ ਪੱਕੀ ਕੀਤੀ ਸੀ ਕਿ ਮੈਂ ਰਾਵਲ-ਪਿੰਡੀ ਤੋਂ ਮਹਾਰਾਜ ਜੀ ਦੇ ਮੇਰੇ ਦੀਆਂ ਚਾਂਦੀ ਦੀਆਂ ਜੁੱਤੀਆਂ ਘੜਵਾ ਕੇ ਲਿਆਵਾਂ। ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਮੇਚੇ ਲੈ ਗਏ ਜਨ ਤੇ ਸਰੀ ਦੀਆਂ ਤਿੱਲੇਦਾਰ ਜੁੱਤੀਆਂ ਘੜਵਾ ਲਈਆਂ। ਵਿਆਹ ਦੇ ਮੌਕੇ ਤੇ ਸ: ਆਤਮਾ ਸਿੰਘ ਮੇਰੇ ਨਾਲ ਲਾਹੌਰ ਗਏ।

ਸ: ਆਤਮਾ ਸਿੰਘ ਨੇ ਆਪਣੀ ਰਈਸੀ ਸ਼ਾਨ ਦੇ ਅਨੁਕੂਲ ਚਾਂਦੀ ਦੀ ਇਕ ਵਧੀਆ ਤਸ਼ਤਰੀ ਘੜਵਾਕੇ ਲਿਆਂਦੀ ਹੋਈ ਸੀ, ਉਸ ਉਤੇ ਹਰਾ ਕਾਰਜ ਰਖ, ਉੱਪਰ



ਸਤਿਗੁਰੂ ਜਗਜੀਤ ਸਿੰਘ ਜੀ

ਤਿਲੇਦਾਰ ਜੁੱਤੀਆਂ ਸਜਾ ਕੇ ਉਪਰੋਂ ਜਾਲੀਦਾਰ ਰੁਮਾਲ ਨਾਲ ਢਕ ਕੇ ਤੁਰੇ ਜੋੜੇ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਨੇ ਪੁਛਿਆ : ਨੌਜੁਆਨ ਨੇ ਭਜਨ ਵੀ ਪੁੱਛਿਆ ਹੈ ਕਿ ਨਹੀਂ। ਤੇ ਤੁਰਤ ਸੰਤ ਕਰਤਾਰ ਸਿੰਘ ਹਾਤੇਵਾਲ ਨੂੰ ਬੁਲਾਕੇ ਸਰਦਾਰ ਨੂੰ ਭਜਨ ਦਿਵਾਇਆ। ਉਸ ਵੇਲੇ ਸਰਦਾਰ ੨੦-੨੧ ਸਾਲ ਤੋਂ ਵੱਡਾ ਨਹੀਂ ਸੀ ਪਰ ਉੱਚਾ ਲੰਮਾ ਤੇ ਬੜਾ ਪ੍ਰਭਾਵ ਵਾਲਾ ਜਵਾਨ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵਧੀਆ ਸਰੀਰ ਵਾਲਿਆਂ ਜਵਾਨਾਂ ਦੇ ਕਦਰਦਾਨ ਸਨ ਆਪ ਵੀ ਰੋਜ਼ ਆਪਣਾ ਸਰੀਰ ਖੂਬ ਸੰਭਾਲਕੇ



Sri Satguru Jagjit Singh Ji eLibrary NamdhariElibrary@gmail.com

ਰਖਦੇ ਸਨ ।

ਸਤਿਗੁਰੂ ਜੀ ਭੈਣੀ ਸਾਹਿਬੋਂ ਆ ਲੁਧਿਆਣੇ ਤੋਂ ਰੇਲ ਦੁਆਰਾ ਹੀ ਲਾਹੌਰ ਪਹੁੰਚੇ ਸਨ। ਸਤਿਗੁਰੂ ਜੀ ਸਰਦਾਰ ਦੀ ਇਸ ਪਹੁੰਚ ਤੇ ਬੜੇ ਪ੍ਰਸੰਨ ਹੋਏ ਤੇ ਉਸਨੂੰ ਦੀਵਾਨ ਸਮੇਂ ਤਕ ਅਪਣੇ ਨਾਲ ਹੀ ਰਖਣ ਦਾ ਮਾਣ ਬਖਸ਼ਿਆ ।

ਨਾਮਧਾਰੀਆਂ ਦਾ ਸਟੇਸ਼ਨ ਤੋਂ ਇਕ ਬਹੁਤ ਤਕੜਾ ਜਲੂਸ ਨਿਕਲਿਆ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਨੇ ਇਕ ਧਾਰਨ ਰਖੀ : ਧਰਮੀ ਦੋਜ਼ਖ ਜਾਣਗੇ। ਧਰਮੀ ਦੋਜ਼ਖ ਜਾਣਗੇ। ਲੋਕ ਹੈਰਾਨ ਕਿ ਇਹ ਸੇਵਾਦਾਰ ਕਿਹੋ ਜਿਹੀ ਧਾਰਨ ਲੈ ਬੈਠਾ ਹੈ। ਫਿਰ ਜਦੋਂ ਡੱਬੀ ਬਾਜ਼ਾਰ ਵਿਚ ਜਾਕੇ ਮਸਤਾਨੇ ਮੰਗਲ ਸਿੰਘ ਨੇ ਅਪਣੀ ਧਾਰਨ ਦੀ ਵਿਆਖਿਆ ਕੀਤੀ ਤਾਂ ਲੋਕਾਂ ਨੂੰ ਤਸੱਲੀ ਹੋਈ ਕਿ ਧਰਮੀਆਂ ਦੇ ਨਾਮ ਦੇ ਕਾਰਨ ਹੀ ਦੋਜ਼ਖ ਵਿਹਲੇ ਹੋ ਜਾਣਗੇ। ਧਰਮੀਜਨ ਪਰਉਪਕਾਰ ਦੀ ਖਾਤਰ ਨਰਕਾਂ ਵਿਚ ਜਾਣਗੇ ਤਾਕਿ ਉਨ੍ਹਾਂ ਦੇ ਦਰਸ਼ਨ ਮਾਤਰ ਨਾਲ ਹੀ ਦੋਜ਼ਖ ਖਾਲੀ ਹੋ ਜਾਣ।

ਮਾ: ਪੋਣ ਭੰਨ ਨੇ ਹੋਰ ਛੋਹਿਆ : ਅਗਲੇ ਸਾਲ ਮੁਕਤਸਰ ਦਾ ਹੋਲਾ ਸੀ। ਮੈਂ ਸ: ਆਤਮਾ ਸਿੰਘ ਨੂੰ ਹੋਲੇ ਤੇ ਲੈ ਗਿਆ। ਸਰਦਾਰ ਹੋਲੇ ਨੂੰ ਵੇਖ ਕੇ ਬਹੁਤ ਪ੍ਰਭਾਵਤ ਹੋਇਆ। ਅਗਲੇ ਹੋਲੇ ਵਾਸਤੇ ਮੰਗ-ਬੇਨਤੀਆਂ ਹੋਈਆਂ। ਸ: ਆਤਮਾ ਸਿੰਘ ਦੇ ਅੰਦਰੋਂ ਵੀ ਬੀਜਿਆ ਹੋਇਆ ਭਾਵ ਉਠ ਖਲੋਇਆ। ਪਿੰਡ ਢਲਟੋਹੇ (ਜ਼ਿ: ਲਾਹੌਰ) ਦੀ ਬਿਨੈ ਪਰਵਾਨ ਹੋਈ ਤਾਂ ਸਰਦਾਰ ਮੈਨੂੰ ਕਹਿਣ ਲਗਾ—ਹੋਲਾ ਰਾਵਲ ਪਿੰਡੀ ਨਹੀਂ ਹੋ ਸਕਦਾ ? ਮੈਂ ਕਿਹਾ, ਕਿਉਂ ਨਹੀਂ। ਅਤੇ ਫਿਰ ਅਸਾਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਕੇ ਰਾਵਲਪਿੰਡੀ ਵਾਸਤੇ ਹੋਲਾ ਪਰਵਾਨ ਕਰਵਾ ਲਿਆ। ਪਰ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਪੁਛਿਆ : ਤੁਸੀਂ ਦੋਵੇਂ ਮੁੰਡੇ ਖੁੰਡੇ ਹੋ, ਘਰ ਵਿਚ ਵਡਾ ਕੋਈ ਨਹੀਂ ? ਹੋਲੇ ਉਪਰ ੨੯-੩੦ ਹਜ਼ਾਰ ਰੁਪਇਆ ਖਰਚ ਹੋ ਜਾਂਦਾ ਹੈ। ਸਰਦਾਰ ਪਾਸ ਏਨੀ ਰਕਮ ਹੈ ਖਰਚਣ ਜੋਗ ?

ਮੈਂ ਦਸਿਆ ਕਿ ਇਸਦੀ ਮਾਂ ਕਰਮ ਦੇਈ ਕੋਲ ਰੁਪੈਆ ਬਹੁਤ ਹੈ। ਚੈਕ ਤੇ ਦਸਤਖਤ ਕਰ ਦੇਵੇਗੀ, ਉਂਞ ਨਕਦ ਉਹ ਦੁਆਨੀ ਨਹੀਂ ਦੇਵੇਗੀ।

ਰਾਇਬਹਾਦਰ ਸ: ਬੂਟਾ ਸਿੰਘ ਨੂੰ ਗੁਜ਼ਰਿਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ।

ਮੇਰੇ ਸੁਝਾਅ ਅਨੁਸਾਰ ਸਤਿਗੁਰੂ ਜੀ ਨੇ ਹੋਲੇ ਤੋਂ ਦੋ ਮਹੀਨੇ ਪਹਿਲਾਂ ਮਾਤਾ ਜੀਵਨ ਕੌਰ ਜੀ ਨੂੰ ਹੋਲੇ ਦੀ ਰਸਦ ਬਸਤ ਦੀ ਫ਼ਹਿਰਿਸਤ ਲਿਖਵਾਕੇ ਰਾਵਲਪਿੰਡੀ ਭੇਜ ਦਿਤਾ।

ਹੋਲੇ ਦੇ ਇਸ਼ਤਿਹਾਰ ਦਾ ਸੁਆਲ ਪੈਦਾ ਹੋਇਆ ਤਾਂ ਸਤਿਗੁਰੂ ਜੀ ਨੇ ਹੋਲੇ ਦਾ ਇਸ਼ਤਿਹਾਰ ਲਿਖਵਾ ਭੇਜਿਆ। ਸਰਦਾਰ ਆਤਮਾ ਸਿੰਘ ਨੇ ਕਿਹਾ : ਹੇਠਾਂ ਨੋਟ ਦਿਓ ਮੋਟੇ ਅੱਖਰਾਂ ਵਿਚ ਕਿ ਲਾਹੌਰ ਤੋਂ ਰਾਵਲਪਿੰਡੀ ਨੂੰ ਰੇਲਾਂ ਫਰੀ ਚਲਣਗੀਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀਆਂ ਨੂੰ ਸਫੈਦ ਦਸਤਾਰ, ਗਾਤਰੇ, ਪਰੂਏ, ਮਾਲਾ, ਆਸਣ ਆਦਿ ਨਾਲ ਲੈਕੇ ਆਉਣ ਵਾਸਤੇ ਆਦੇਸ਼ ਭੇਜ ਦਿਤਾ।

ਹੋਲੇ ਦੇ ਦਿਨ ਰੇਲਵੇ ਪਾਰਕ ਵਿਚੋਂ ਚਾਰ ਚਾਰ ਦੀ ਕਤਾਰ ਵਿਚ ਨਾਮਧਾਰੀਆਂ ਦਾ ਜਲੂਸ ਨਿਕਲਿਆ। ਕੀਰਤਨ ਕਰਦਿਆਂ, ਮਸਤੀ ਵਿਚ ਸ਼ਬਦ ਗਾਉਂਦਿਆਂ ਇਸਤਰੀ ਪੁਰਸ਼ ਜਾ ਰਹੇ ਸਨ ਕਿ ਜਾਮਾ ਮਸਜਦ ਕੋਲ ਗਿਆਂ ਸ਼ਰਾਰਤੀ ਮੁਸਲਮਾਨਾਂ ਪੱਥਰ ਵੱਟੇ ਮਾਰੇ ਤੇ ਮਸਤਾਨਿਆਂ ਨੂੰ ਕੁੱਟਿਆ ਵੀ। ਬਾਤ ਫਿਰ ਕੀ ਸੀ, ਸਿੰਘ ਵੀ ਪਕੜ ਪਏ। ਝੁਟਾਪਾ ਚੜ੍ਹਨ ਲਗਾ ਤਾਂ ਸਰਕਾਰ ਨੂੰ ਪਤਾ ਲਗਾ। ਉਸ ਨੇ ਦਖਲ ਆਕੇ ਸਮਝੌਤਾ ਕਰਵਾ ਦਿਤਾ। ਉਸਨੇ ਮੁਸਲਿਮ ਵਿਰੋਧੀਆਂ ਨੂੰ ਸਮਝਾਇਆ ਕਿ ਨਾਮਧਾਰੀ ਮਾਸ ਨਹੀਂ ਖਾਂਦੇ, ਸ਼ਰਾਬ ਨਹੀਂ ਪੀਂਦੇ, ਅਠੇ ਪਹਿਰ ਰੱਬ ਰੱਬ ਕਰਦੇ ਰਹਿੰਦੇ ਹਨ, ਵਡੇ ਵਡੇ ਕਾਜ਼ੀ ਇਹਨਾਂ ਦੇ ਘਰੋਂ ਰੋਟੀ ਖਾ ਲੈਂਦੇ ਹਨ। ਇਹਨਾਂ ਦੀ ਤੇ ਤੁਹਾਡੀ ਲੜਾਈ ਨਹੀਂ ਬਣਦੀ। ਹੋਲਾ ਸ਼ਾਂਤੀ ਪੂਰਵਕ ਹੋ ਗਿਆ।

ਜਿਹੜਾ ਸਰਦਾਰ ਕਹਿੰਦਾ ਸੀ ਕਿ ਮੈਂ ਕੂਕਾ ਨਹੀਂ ਬਣਨਾ ਉਹ ਪਿਛੋਂ ਜਾਕੇ ਅਪਣੀ ਸੁਪਤਨੀ ਬੀਬੀ ਲੀਲਾਵੰਤੀ ਨੂੰ ਨਾਲ ਲੈਕੇ ਨਾਮਧਾਰੀਆਂ ਦਾ ਪਰਚਾਰ ਕਰਨ ਲਗ ਪਿਆ।

ਸ: ਆਤਮਾ ਸਿੰਘ ਰਾਈਸਿਆਜ਼ਮ ਰਾਵਲਪਿੰਡੀ, ਪਾਕਿਸਤਾਨ ਬਣਨ ਤੇ ਦਿੱਲੀ ਆ ਗਿਆ ਅਤੇ ੭ ਜਨਵਰੀ ੧੯੫੭ ਨੂੰ ਗੁਜ਼ਰ ਗਿਆ। ਬੀਬੀ ਲੀਲਾਵੰਤੀ ਨੇ ਮੈਨੂੰ ਆਖਿਆ : ਤੂੰ ਇਸਨੂੰ ਸਿੰਘ ਬਣਾਇਆ ਸੀ ਤੇ ਸਦਾ ਨਾਲ ਰਿਹਾ ਏਂ, ਹੁਣ ਤੂੰ ਹੀ ਇਸਦਾ ਇਸ਼ਨਾਨ ਆਦਿ ਕਰਵਾ। ਮੈਂ ਉਹਦੀ ਬੰਦ ਮੁੱਠੀ ਖੋਲ੍ਹਕੇ ਅੰਤਮ ਦਸਤਪੰਜਾ ਲਿਆ ਅਤੇ ਇਸ਼ਨਾਨ ਕਰਵਾਕੇ ਬਹੁਤ ਸਾਰੇ ਨਾਮਧਾਰੀਆਂ ਤੇ ਹੋਰ ਸਿੱਖਾਂ ਦੇ ਹਜੂਮ ਵਿਚ ਉਸਦਾ ਅੰਤਮ ਸੰਸਕਾਰ ਕਰ ਦਿਤਾ।

ਮਾ: ਸੋਹਣ ਸਿੰਘ ਪੋਣ ਭੰਨ ਦਾ ਮੇਰੇ ਨਾਲ ਪੁਰਾਣਾ



Sri Satguru Jagjit Singh Ji eLibrary NamdhariElibrary@gmail.com

ਤਕਲੀਆਂ ਕਈ ਜਾਣ ਤੋਂ ਹੋ ਜੀ ਕਰਦਾ ਸੀ ਪਰ ਮੈਂ ਸਾਂ ਕੇ ਏਨਾ ਵਧੇਰੇ ਸਮਾਂ ਨਹੀਂ ਸਾਂ ਬੈਠ ਸਕਦਾ। ਸੋ ਫੇਰ ਕਦੀ ਮਿਲਣ ਦਾ ਇਕਰਾਰ ਕਰਕੇ ਛੁੱਟੀ ਲੈ ਲਈ।

## ਸੇਠ ਸੰਤੋਖ ਸਿੰਘ ਹੈਦਰਾਬਾਦ ਵਲੋਂ ਮੇਲਾ

ਭੈਣੀ ਸਾਹਿਬ ਵਿਚ ਅੱਜ ਸੰਗਤ ਬਹੁਤ ਆਈ ਹੋਈ ਹੈ। ਜਿਧਰ ਵੀ ਨਜ਼ਰ ਜਾਂਦੀ ਹੈ ਚਿਟੇ ਕਪੜਿਆਂ ਵਾਲੇ ਨਾਮਧਾਰੀ ਹੀ ਨਾਮਧਾਰੀ ਦਿਸਦੇ ਹਨ। ਲੰਗਰ ਦਿਨਰਾਤ ਚਲ ਰਿਹਾ ਹੈ। ਲੰਗਰਵੰਦ ਜਦੋਂ ਵੀ ਲੰਗਰ ਵਿਚ ਜਾਂਦੇ ਹਨ ਪ੍ਰਸ਼ਾਦ ਛਕਣ ਨੂੰ ਮਿਲਦਾ ਹੈ। ਸੁਆਗਤ-ਸਥਾਨ ਉੱਤੇ ਵੀ ਸੇਵਾਦਾਰ ਆਏ ਗਏ ਨੂੰ ਪ੍ਰਸ਼ਾਦ ਛਕਾ ਰਹੇ ਹਨ।

ਇਹ ਮੇਲਾ, ੨੦ ਦਿਨਾਂ ਦਾ, ਸਾਡੇ) ਸਤਿਗੁਰੂ ਜੀ ਅਤੇ ਮੇਰੇ) ਹਮਜਮਾਤੀ ਸੇਠ ਸੰਤੋਖ ਸਿੰਘ ਹੈਦਰਾਬਾਦੀ ਵਲੋਂ ਹੋ ਰਿਹਾ ਹੈ। ਅਰਥਾਤ ਵੀਹ ਦਿਨਾਂ ਵਿਚ ਮੇਲੇ ਸੰਬੰਧੀ ਜੋ ਵੀ ਖਰਚ ਆਵੇਗਾ ਇਹ ਕਰਨਗੇ। ਇਹ ਆਪਣੀ ਪਤਨੀ ਬੀਬੀ ਨਾਲ ੨੭-੯-੭੯ ਦੇ ਹੀ ਆਏ ਹੋਏ ਹਨ।

ਮੈਂ ਦੀਵਾਨ ਵਿਚ ੩.੩੦ ਵਜੇ ਪਹੁੰਚਾ। ਪੰਦਰਾਂ ਮਿੰਟਾਂ ਬਾਅਦ ਨਾਮ ਸਿਮਰਨ ਦਾ ਭੋਗ ਪੈ ਗਿਆ। ਸੰਗਤ ਅੰਦਰ ਬਾਹਰ ਦੂਰ ਦੂਰ ਤਕ ਬੈਠੀ ਹੋਈ ਸੀ। ਸ੍ਰੀ ਸਤਿਗੁਰੂ ਜੀ ਦਰਸ਼ਨ ਦੇ ਰਹੇ ਸਨ ਅਤੇ ਮੱਥਾ ਟੇਕਣ ਵਾਲਿਆਂ ਦੀ ਅਟੁੱਟ ਕਤਾਰ ਜਾਰੀ ਰਹੀ। ਪੰਡਿਤ ਜੀ ਵਲੋਂ ਕੀਤੀ ਹਈ ਅਰਦਾਸ ਉਪ੍ਰੰਤ ਮੰਗਲਾ ਚਰਣ ਕਰਕੇ "ਮਾਟੀ ਕੋ ਪੁਤਰਾ" ਸ਼ਬਦ ਸੰਤ ਹਰਭਜਨ ਸਿੰਘ ਪਰਵਾਨ ਸੰਤ ਨਗਰ ਦੇ ਸਪੁਤਰ ਸਵੀਟੀ ਨੇ ਸ੍ਰੀ ਚੰਦਰ ਦਾਸ ਜੀ, ਆਪਣੇ ਉਸਤਾਦ ਨਾਲ, ਮਿਲ ਕੇ ਗੰਦਿਆਂ। ਸ੍ਰੀ ਜਸਪਾਲ ਸਿੰਘ ਨੇ ਤਬਲੇ ਤੇ ਸੰਗਤ ਕੀਤੀ।

ਪੂਰਾ ਸ਼ਬਦ :

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।
ਦੇਖੈ ਦੇਖੈ ਸੁਨੈ ਬੋਲੈ
ਦਉਰਿਓ ਫਿਰਤੁ ਹੈ। ੧। ਰਹਾਉ।
ਜਬ ਕਛੁ ਪਾਵੈ ਤਬ
ਗਰਬੁ ਕਰਤੁ ਹੈ।
ਮਾਇਆ ਗਈ ਤਬ
ਰੋਵਨੁ ਲਗਤੁ ਹੈ। ੧।
ਮਨ ਬਚ ਕ੍ਰਮ
ਰਸ ਕਸਹਿ ਲੁਭਾਨਾ।
ਬਿਨਸਿ ਗਇਆ
ਜਾਇ ਕਹੂੰ ਸਮਾਨਾ। ੨।
ਕਹਿ ਰਵਿਦਾਸ ਬਾਜੀ ਜਗੁ ਭਾਈ।
ਬਾਜੀਗਰ ਸਉ ਮੁਹਿ ਪ੍ਰੀਤਿ ਬਨਿ ਆਈ। ੩।੬।

ਇਸ ਤੋਂ ਪਿਛੋਂ ਇਕ ਹੋਰ ਸ਼ਬਦ :

ਐਸੀ ਹੋਇ ਪਰੀ।
ਜਾਨਤੇ ਦਇਆਰ। ੧। ਰਹਾਉ।
ਮਾਤਰ ਪਿਤਰ ਤਿਆਗਿ ਕੈ
ਮਨੁ ਸੰਤਨ ਪਹਿ ਬੇਚਾਇਓ।
ਜਾਤਿ ਜਨਮ ਕੁਲ ਖੋਈਐ
ਹਉ ਗਾਵਉ ਹਰਿ ਹਰੀ। ੧।
ਲੋਕ ਕੁਟੰਬ ਤੇ ਟੂਟੀਐ
ਪ੍ਰਭ ਕਿਰਤਿ ਕਿਰਤਿ ਕਰੀ।
ਗੁਰ ਮੋਕਉ ਉਪਦੇਸਿਆ
ਨਾਨਕ ਸੇਵਿ ਏਕ ਹਰੀ। ੨। ੮। ੧੩੭।

ਸਾਰੰਗ ਮਹਲਾ ੫, ਪੰਨਾ ੧੨੩੨

ਇਸ ਸ਼ਬਦ ਦੇ ਕੀਰਤਨ ਸਮੇਂ ਮੱਥਾ ਟੇਕਣ ਵਾਲਿਆਂ ਵਿਚ ਪਾਕਿਸਤਾਨ ਦੇ ਨੁਸ਼ਹਿਰ ਪਿੰਡ ਦੀ ਗੱਦੀ ਸੰਤ ਜਵਾਲਾ ਸਿੰਘ ਜੀ ਦੇ ਜਾਨਸ਼ੀਨ ਸੰਤ ਕਰਤਾਰ ਰਾਮ ਜੀਤ, ਸ੍ਰੀ ਉਮ ਦਰਬਾਰ ਨੰਦਾ ਚੌਰ ਜ਼ਿਲਾ ਹੁਸ਼ਿਆਰਪੁਰ ਵੀ ਸਨ।

ਇਕ ਜਥਾ ਘੁ ਵੇਖਣ ਨੂੰ ਹਿੰਦੂ ਲਗਦੇ ਸਨ, ਸ: ਅਵਤਾਰ ਸਿੰਘ ਸਰਪੰਚ ਪਿੰਡ ਨਗਰ (ਜਲੰਧਰ) ਭਜਨ ਪੁੱਛ ਕੇ ਦਰਸ਼ਨ ਕਰਨ ਆਏ। ਇਹਨਾਂ ਵੀ ਅੱਜ ਤੋਂ ਸਾਸ ਸਵਾਸ ਦਾ ਤਿਆਗ ਕੀਤਾ।

ਸਤਿਗੁਰੂ ਜੀ ਦੀ ਸੇਵਾ ਵਿਚ ਇਕ ਹੋਰ ਸਜਣ ਮੱਥਾ ਟੇਕਣ ਆਇਆ ਤਾਂ ਆਪ ਨੇ ਮੇਰਾ ਧਿਆਨ ਉਸ ਵਲ ਕਰਦਿਆਂ ਕੇ ਦੱਸਿਆ : ਆਪਣੇ ਨਾਲ ਇਕ ਜਗਤ ਸਿੰਘ ਜਾਮਕੂ ਹੁੰਦਾ ਸੀ, ਤੁਹਾਨੂੰ ਯਾਦ ਹੋਵੇਗਾ। ਇਸਨੇ ਗੋਲ ਮੰਦਰ ਦੀ ਛੱਪਰ-ਛੱਤ ਤਬਦੀਲ ਕਰਨ ਲਈ ਰਕਮ ਵੀ ਲਿਆਕੇ ਦਿਤੀ ਹੈ।

ਪਹਿਲੇ ਜਥੇ ਦੀ ਸ਼ਬਦ ਸਮਾਪਤੀ ਹੋਈ ਤਾਂ ਸਤਿਗੁਰੂ ਜੀ ਨੇ ਆਪ ਅਨਾਊਂਸ ਕੀਤਾ : ਅਜ ਕਲ ਸਾਡਾ ਸੁਆਦ ਤਬਦੀਲ ਹੋਈ ਜਾ ਰਿਹਾ ਹੈ। ਸ਼ਾਇਦ ਗਾਏ ਗਏ ਸ਼ਬਦ ਸਾਡੀ ਸਮਝ ਜਾਂ ਸੁਆਦ ਦਾ ਹਿੱਸਾ ਨਾ ਬਣੇ ਹੋਣ, ਕਿਉਂਕਿ ਅਸੀਂ ਫਿਲਮਾਂ ਤੇ ਕਿਸਮਿਆਂ ਲਗੋਜਿਆਂ ਤੇ ਫੋਣ ਸੁਣਨ ਦੇ ਸ਼ੌਕੀਨ ਹੋ ਗਏ ਹਾਂ। ਹੁਣ ਉਸਤਾਦ ਮਹਿੰਦਰ ਸਿੰਘ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਅਗਵਾਈ ਵਿਚ ਉਨ੍ਹਾਂ ਦੇ ਸ਼ਾਗਿਰਦ ਸ਼ਬਦ ਪੜ੍ਹਨ ਲਗੇ ਹਨ—ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ। ਧਿਆਨ ਨਾਲ ਸੁਣੋ।

ਅਤੇ ਬਿਹਾਗੜੇ ਦੀਆਂ ਸੁਰਾਂ ਵਾਤਾਵਰਣ ਵਿਚ ਛਾ ਗਈਆਂ।

ਪੂਰਾ ਸ਼ਬਦ :
ਅਤਿ ਪ੍ਰੀਤਮ ਮਨਮੋਹਨਾ ਘਟ ਸੋਹਨਾ
ਪ੍ਰਾਨ ਅਧਾਰਾ ਰਾਮ।
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ
ਅਪਰ ਅਪਾਰਾ ਰਾਮ।
ਗੋਪਾਲ ਦਇਆਲ ਗੋਬਿੰਦ ਲਾਲਨ
ਮਿਲਹੁ ਕੰਤ ਨਿਮਾਣੀਆ।
ਨੈਨ ਤਰਸਨ ਦਰਸ ਪਰਸਨ
ਨਹ ਨੀਦ ਰੈਣਿ ਵਿਹਾਣੀਆ।
ਗਿਆਨ ਅੰਜਨ ਨਾਮ ਬਿੰਜਨ
ਭਏ ਸਗਲ ਸੀਗਾਰਾ।
ਨਾਨਕੁ ਪਇਅੰਪੈ ਸੰਤ ਜੰਪੈ
ਮੇਲਿ ਕੰਤੁ ਹਮਾਰਾ। ੧।

(ਬਿਹਾਗੜਾ ਮਹਲਾ ੫, ਆਦਿ ਗ੍ਰੰਥ, ਪੰਨਾ ੫੪੨)

ਸ੍ਰੀ ਸਤਿਗੁਰੂ ਜੀ ਦੇ ਚਰਨ-ਕਮਲਾਂ ਵਿਚ ਤਾਊਸ ਸੀ, ਸਰੋਦਵਾਦਕ ਗੁਰਦੇਵ ਸਿੰਘ ਪਾਸ ਤਾਰ ਸ਼ਹਿਨਾਈ, ਧਰਮਬੀਰ ਸਿੰਘ ਕੋਲ ਸਿਤਾਰ, ਸਤਿਪਾਲ ਸਿੰਘ ਨੰਮ੍ਹ ਦੇ ਹੱਥ ਬਾਂਸਰੀ ਦੀਆਂ ਮੋਰੀਆਂ ਉਪਰ ਸਨ। ਸਾਹਮਣੇ ਮਾਸਟਰ ਮਹਿੰਦਰ ਸਿੰਘ (ਹਾਰਮੋਨੀਅਮ) ਸ੍ਰੀ ਬਲਜੀਤ ਸਿੰਘ (ਹਾਰਮੋਨੀਅਮ), ਸ੍ਰੀ ਹਰਜਿੰਦਰ ਸਿੰਘ (ਤਬਲਾ), ਸ੍ਰੀ ਕਿਰਨਪਾਲ ਸਿੰਘ (ਤਬਲਾ), ਸ੍ਰੀ ਹਰਵੰਤ ਸਿੰਘ ਘੁੱਲਾ, ਸੁਖਦੇਵ ਸਿੰਘ-ਮੋਹਨ ਸਿੰਘ ਦੀਆਂ ਸੁਰਾਂ ਗੂੰਜ ਉਠੀਆਂ।

ਅੱਜ ਸਤਿਗੁਰੂ ਜੀ ਕਥਾ ਸਮੇਂ ਹੀ ਦੀਵਾਨ ਵਿਚ ਪਹੁੰਚ ਚੁਕੇ ਸਨ। ਉਹ ਆਪਣੇ "ਨਿੱਕੇ ਹਾਕੇ" ਦਾ ਕਥਾ ਵਾਚਣ ਸੁਣਨਾ ਤੇ ਪ੍ਰਸੰਸਾ ਕਰਨਾ ਚਾਹੁੰਦੇ ਸਨ। ਨਾਮ ਸਿਮਰਨ ਦਾ ਇਕ ਘੰਟਾ ਵੀ ਆਪ ਅਚਲ ਸਮਾਧੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ-ਉਪਦੇਸ਼ ਸੁਣਦੇ ਰਹੇ। ਕਿਸੇ ਨੂੰ ਚਿਤ ਚੇਤਾ ਵੀ ਨਹੀਂ ਕਿ ਕਦੇ ਬੁਖਾਰ ਵੀ ਹੋਇਆ ਸੀ।

ਹੁਣ ਇਸ ਦੀਵਾਨ ਵਿਚ ਆਪ ਨੇ ਆਪਣੇ ਦਿਲਰੁਬਾ ਦੇ ਤਰਬਦਾਰਾਂ ਨਾਲ ਵਾਤਾਵਰਣ ਜਲ-ਤਰੰਗੀ ਬਣਾ ਦਿਤਾ ਹੈ।

੪.੩੦ ਵਜ ਚੁਕੇ ਹਨ, ਪਰ ਉਸਤਾਦ ਹਰਭਜਨ ਸਿੰਘ ਨੂੰ ਆਗਿਆ ਹੋਈ ਹੈ। ਉਸਨੇ ਵੀ ਬਿਹਾਗੜੇ ਵਿਚ ਸ਼ਬਦ "ਐਸੀ ਲਾਲ ਤੁਝ ਬਿਨ ਕਉਨ ਕਰੈ।" ਸਤਿਗੁਰੂ ਜੀ ਨੇ ਫਿਰ ਦਿਲਰੁਬਾ ਉਠਾ ਲਿਆ ਅਤੇ ਇਕ ਅਨੰਦ-ਪ੍ਰਵਾਹ ਨੂੰ ਚਲਦਿਆਂ ੫.੧੦ ਹੋ ਗਏ। ਪੰਡਿਤ ਜੀ ਨੇ ਅਰਦਾਸ ਕੀਤੀ ਤੇ ਰਾਤ ਦੇ ਢਾਢਾਂ ਤੇ ਜਥੇਦਾਰਾਂ ਦੇ ਕੀਰਤਨ ਦਾ ਐਲਾਨ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਕੋਠੀ ਪਹੁੰਚ ਗਏ। ਮੈਂ ਸ੍ਰੀ ਸਤਿਗੁਰੂ ਜੀ ਦੇ ਡੇਰੇ ਜਾ ਪਹੁੰਚਾ। ਹੁਕਮ ਸੀ ੬ ਵਜੇ ਸੰਗੀਤਕਾਰ ਲੜਕਿਆਂ ਦਾ ਕਲਾ ਪ੍ਰਦਰਸ਼ਨ ਸੁਣਨਾ-ਵੇਖਣਾ। ਪਰ ਮੈਂ ਹੈਰਾਨ ਸਾਂ ਏਥੇ ਕੋਈ ਆ-ਜਾ ਨਹੀਂ ਸੀ ਰਿਹਾ। ਤਦੇ ਖ਼ਬਰ ਮੈਨੂੰ ਕੋਠੀਓਂ ਬੁਲਾਵਾ ਆ ਗਿਆ।

੫.੩੦ ਸ਼ਾਮੀ ਕੋਠੀ ਗਿਆ ਤਾਂ ਮੁਖ ਵਰਾਂਡੇ ਵਿਚ ਪੰਡਿਤ ਗੋਪਾਲ ਸਿੰਘ ਨਾਲ ਇਕ ਉਚਾ ਲੰਮਾ, ਸਜਦਾ-ਫਬਦਾ ਅਕਾਲੀ ਸਿੰਘ ਬੈਠਾ ਹੋਇਆ ਸੀ। ਉਸਦਾ ਦਾੜ੍ਹਾ ਖੁਲ੍ਹਾ, ਦਰਸ਼ਨੀ। ਉਸਦੇ ਨਾਲ ਦੇ ਸਿੰਘ ਸਾਧਾਰਨ ਲਗਦੇ ਸਨ। ਪੁੱਛਣ ਤੇ ਪਤਾ ਲਗਾ ਕਿ ਮੁਖ ਸਿੰਘ ਤਾਂ ਗੁਰਦੁਆਰਾ ਤਰਨ ਤਾਰਨ ਦਾ ਮੈਨੇਜਰ ਸ: ਕਰਤਾਰ ਸਿੰਘ ਹੈ ਨਾਲ ਦੇ ਸਿੱਖ ਇਕ ਸੰਤ ਅਲੋਖ ਸਿੰਘ ਹਨ ਜੋ ਤਰਨ ਤਾਰਨ ਪਰਕਰਮਾ ਦੀ ਸੇਵਾ ਕਰਵਾ ਰਹੇ ਹਨ, ਤੀਸਰੇ ਸੱਜਣ ਦਾ ਨਾਂ ਮਾਲੂਮ ਨਹੀਂ ਹੋ ਸਕਿਆ। ਇਹ ਸਤਿਗੁਰਾਂ ਨਾਲ ਕੋਈ ਖਾਸ ਗੱਲਬਾਤ ਕਰਨ ਆਏ ਹਨ। ਪਹਿਲਾਂ ਇਹ ਕੀਰਤਨ ਸਮੇਂ ਦੀਵਾਨ ਵਿਚ ਨਮਸਕਾਰ ਕਰ ਅਤੇ ਸ਼ਬਦ-ਸੰਗੀਤ ਸੁਣ ਆਏ ਹਨ।

ਸ੍ਰੀ ਸਤਿਗੁਰੂ ਜੀ ਪਧਾਰੇ। ਉਠ ਕੇ ਸਭ ਨੇ ਸਤਿਕਾਰ ਪਰਗਟ ਕੀਤਾ। ਸਤਿਗੁਰੂ ਜੀ ਨਾਲ ਆਪ ਜੀ ਦਾ ਸਕੱਤਰ ਸੰਤ ਤਰਸੇਮ ਸਿੰਘ, ਸ: ਅਪਾਰ ਸਿੰਘ ਬੀੜ, ਸਤਿਜੁਗ ਦੇ ਸੰਪਾਦਕ ਸੰਤ ਗੁਰਦਿਆਲ ਸਿੰਘ ਤੇ ਇਕ ਦੋ ਹੋਰ ਸਰੀਰ ਵੀ ਸਨ। ਸ੍ਰੀ ਸਤਿਗੁਰੂ ਜੀ ਨੇ ਸਭ ਤੋ ਵਿਛਿਆ ਆਸਣ ਛਡ ਕੇ ਮੰਜੇ ਉਪਰ ਲੇਟ ਕੇ ਗਲਬਾਤ ਸੁਣਨ-ਕਰਨ ਦੀ ਪ੍ਰਾਹੁਣਿਆਂ ਦੀ ਮਜਬੂਰੀ ਦੱਸੀ। ਉਹ ਲਗਾਤਾਰ ੪ ਘੰਟੇ ਤਕ ਦੀਵਾਨ ਵਿਚ ਬੈਠਕ ਕਰਕੇ ਆਏ ਸਨ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਨਿੱਛ ਦਾ ਭੇਦ

—ਸਆਦਤ ਹਸਨ ਮੰਟੋ

ਬੱਸ ਮੁਸਾਫਰਾਂ ਨਾਲ ਠਸਾਂ-ਠਸ ਭਰੀ ਹੋਈ ਸੀ। ਤਿੰਨ ਸੀਟਾਂ ਵਾਲੀ ਜਗ੍ਹਾ ਤੇ ਪੰਜ-ਪੰਜ ਬੰਦੇ ਫਸੇ ਹੋਏ ਸਨ। ਅਕਸਰ, ਬਸਾਂ ਵਾਲੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਤੋਂ ਕਤਰਾਉਂਦੇ ਹਨ ਜਾਂ ਫਿਰ ਆਪਣੇ ਮਾਲਕਾਂ ਤੋਂ ਸ਼ਾਬਾਸ਼ ਲੈਣ ਦੀ ਖਾਤਿਰ, ਕਿ ਉਹ ਵਧ ਮੁਸਾਫਰ ਢੋ ਕੇ ਕੰਪਨੀ ਨੂੰ ਵਧ ਲਾਭ ਪੁਚਾ ਰਹੇ ਹਨ, ਇੰਜ ਕਰਦੇ ਹਨ।

ਬੱਸ ਜਦੋਂ ਕਸੂਰ ਦੇ ਅੱਡੇ ਤੇ ਰੁਕੀ ਤਾਂ ਉਸ ਵਿਚੋਂ ਉਤਰਨ ਵਾਲੀਆਂ ਸਵਾਰੀਆਂ ਦੀ ਗਿਣਤੀ ਸਿਰਫ ੨ ਹੀ ਸੀ ਪਰ ਜਿੰਨੇ ਨਵੇਂ ਮੁਸਾਫ਼ਰ ਚੜ੍ਹੇ ਉਹ ੧੫ ਸਨ।

ਇਕ ਸੀਟ ਤੇ ਸਾਢੇ ਪੰਜ ਸਵਾਰੀਆਂ ਬੈਠੀਆਂ ਹੋਈਆਂ ਸਨ ਇਨ੍ਹਾਂ ਵਿਚ ਹੀ ਮੈਂ ਸਾਂ।

ਮੇਰੇ ਨਾਲ ਦੀ ਸਵਾਰੀ ਨੂੰ ਨਿੱਛ ਆਈ ਪਰ ਉਸਨੇ ਰੋਕ ਲਈ। ਮੈਂ ਖਿਆਲ ਕੀਤਾ ਕਿ ਵਿਚਾਰਾ ਬੜਾ ਸਭਿਅਕ ਆਦਮੀ ਹੈ ਜੋ ਇਸ ਲਈ ਨਿੱਛ ਰੋਕ ਲਿਆ ਤਾ ਜੁ ਨਾਲ ਦੀਆਂ ਸਵਾਰੀਆਂ ਕਿਸੇ ਤਰ੍ਹਾਂ ਦੀ ਘੁਟਨ ਮਹਿਸੂਸ ਨਾ ਕਰਨ।

ਕੁਝ ਦੇਰ ਬਾਅਦ ਉਸ ਮੁਸਾਫਰ ਨੂੰ ਫਿਰ ਨਿੱਛ ਆ ਗਈ, ਪਰ ਆਪਣਾ ਮੂੰਹ ਘੁਟ ਕੇ ਕਿਸੇ ਨਾ ਕਿਸੇ ਤਰੀਕੇ ਉਸਨੇ ਫਿਰ ਨਿੱਛ ਰੋਕ ਲਈ।

ਇੰਜ ਕਈ ਵਾਰੀ ਹੋਇਆ। ਉਸਨੂੰ ਜਦੋਂ ਵੀ ਨਿੱਛ ਆਉਂਦੀ ਉਹ ਹਰ ਵਾਰੀ ਉਸਨੂੰ ਜ਼ਬਰਦਸਤੀ ਰੋਕ ਲੈਂਦਾ। ਉਸਦਾ ਚਿਹਰਾ ਪਸੀਨੋ ਪਸੀਨੀ ਹੋ ਗਿਆ ਸੀ। ਵਾਰ-ਵਾਰ ਨਿੱਛ ਨੂੰ ਰੋਕਣ ਤੇ ਕਿੰਨੀ ਤਕਲੀਫ ਹੁੰਦੀ ਹੈ, ਉਨ੍ਹਾਂ ਭਾਰਤ ਦਾ ਮਸ਼ਹੂਰ ਅਦੀਬ ਖਵਾਜਾ ਅਹਿਮਦ ਅੱਬਾਸ ਚੰਗੀ ਤਰ੍ਹਾਂ ਜਾਣਦਾ ਹੈ—ਵੈਸੇ ਚਕਰਵਾਈ ਵੀ ਭੁਲ ਨਹੀਂ ਸਕਦੀ ਕਿ ਨਿੱਛ ਰੋਕਣਾ ਕਿੰਨਾ ਮੁਸ਼ਕਲ ਕੰਮ ਹੈ।

ਪਰ ਉਹ ਮੁਸਾਫਰ ਹਰ ਵਾਰੀ ਨਿੱਛ ਰੋਕ ਲੈਂਦਾ ਸੀ। ਉਸਦੇ ਇਸ ਤਰ੍ਹਾਂ ਕਰਨ ਨਾਲ ਮੇਰੀ ਉਸ ਪ੍ਰਤੀ ਹਮਦਰਦੀ ਵਧਦੀ ਜਾ ਰਹੀ ਸੀ। ਮੈਂ ਮਨ ਹੀ ਮਨ ਵਿਚ ਸੋਚ ਰਿਹਾ ਸਾਂ ਕਿ ਬਸ ਸਾਰੇ ਲੋਕ ਹੀ ਏਦਾਂ ਦੇ ਹੋ ਜਾਣ ਜਿਹੜੇ ਇਹ ਸੋਚਣ ਕਿ ਉਨ੍ਹਾਂ ਦੇ ਫਲਾਣਾ ਕੰਮ ਕਰਨ ਨਾਲ ਨਾਲਦਿਆਂ ਨੂੰ ਕਿਸ ਤਰ੍ਹਾਂ ਦੀ ਘੁਟਨ ਮਹਿਸੂਸ ਹੋ ਸਕਦੀ ਹੈ ਤੇ ਇਹ ਸੋਚ ਕੇ ਉਹ ਖੁਦ ਤਕਲੀਫ ਸਹਾਰਕੇ ਵੀ ਆਪਣੇ ਹਮਵਤਨਾਂ ਦੀ ਖੁਸ਼ੀ ਦਾ ਖਿਆਲ ਰਖਣ।

ਅਖੀਰ ਜਦੋਂ ਉਸ ਮੁਸਾਫਰ ਦਾ ਨਿੱਛ ਨੂੰ ਰੋਕ-ਰੋਕ ਕੇ ਚਿਹਰਾ ਲਾਲ ਸੂਹਾ ਹੋ ਗਿਆ ਤਾਂ ਮੇਰਾ ਦਿਲ ਕੀਤਾ ਕਿ ਮੈਂ ਉਸਨੂੰ ਕਹਿ ਹੀ ਦੇਵਾਂ—ਭਾਈ ਸਾਹਿਬ, ਸਆਦਤ ਹਸਨ ਮੰਟੋ ਤੁਹਾਨੂੰ ਇਜਾਜ਼ਤ ਦਿੰਦਾ ਹੈ ਕਿ ਤੁਸੀਂ ਬੜਾਖ ਦਿਲੀ ਨਾਲ ਪੰਜ-ਸੱਤ ਨਿੱਛਾਂ ਮਾਰ ਲਓ। ਪਰ ਮੈਂ ਚੁਪ-ਚੁਪੀਤਾ ਆਪਣੀ ਸੀਟ ਵਿਚ ਸੁੰਗੜਿਆ ਰਿਹਾ, ਕਿਉਂਕਿ ਕਿਸੇ ਅਜਨਬੀ ਨਾਲ ਇਸ ਤਰ੍ਹਾਂ ਖੁਲ੍ਹ ਕੇ ਗੱਲ ਕਰ ਸਕਣਾ ਮੈਨੂੰ ਕਦੇ ਵੀ ਠੀਕ ਨਹੀਂ ਲਗਿਆ। ਜਦੋਂ ਮੈਂ ਬੰਬਈ ਵਿਚ ਹੁੰਦਾ ਸਾਂ ਤਾਂ ਪ੍ਰਾਣ ਨਾਲ ਜਾਂ ਕਦੇ ਕਦਾਈਂ ਕੁਲਦੀਪ ਕੌਰ ਨਾਲ ਜ਼ਰੂਰ ਖੁਲ੍ਹਕੇ ਗੱਲ ਕਰ ਲਿਆ ਕਰਦਾ ਸਾਂ ਪਰ ਅਸਲ ਵਿਚ ਮੈਂ ਉਨ੍ਹਾਂ ਨਾਲ ਵੀ ਗੱਲ ਕਰਨ ਤੋਂ ਝਿਜਕਦਾ ਹੀ ਹੁੰਦਾ ਸਾਂ।

ਪਰ ਇਕ ਸਭਿਅਕ ਆਦਮੀ ਦਾ ਫਰਜ਼ ਹੁੰਦਾ ਹੈ ਕਿ ਉਹ ਨਾਲ ਦੇ ਬੰਦੇ ਨੂੰ ਆਰਾਮ ਪਹੁੰਚਾਏ ਉਸਦੀ ਮੁਸ਼ਕਲ ਹਲ ਕਰਨ ਵਿਚ ਸਹਿਯੋਗ ਦੇਵੇ। ਜੇਕਰ ਹੋਰ ਕੁਝ ਵੀ ਨਾ ਹੋ ਸਕੇ ਤਾਂ ਘਟੋ-ਘਟ ਅਗਲੇ ਨੂੰ ਸਲਾਹ ਤਾਂ ਦਿਤਾ ਹੀ ਜਾ ਸਕਦਾ ਹੈ ਤਾਂ ਕਿ ਭਈ ਇੰਜ ਕਰ ਲੈ ਤੇਰੀ ਮੁਸ਼ਕਲ ਹੱਲ ਹੋ ਜਾਏਗੀ।

ਵਾਰ-ਵਾਰ ਨਿੱਛ ਰੋਕਣ ਦੀ ਕੋਸ਼ਿਸ਼ ਕਰਦੇ ਹੋਏ, ਬਾਕੀ ਮੁਸਾਫਰ ਵੀ ਉਸਨੂੰ ਵੇਖ ਰਹੇ ਸਨ।

ਅਖੀਰ ਮੇਰੇ ਤੋਂ ਨਾ ਹੀ ਰਿਹਾ ਗਿਆ ਤੇ ਮੈਂ ਉਸ ਮੁਸਾਫਰ ਦੇ ਮੋਢੇ ਉੱਪਰ ਹੱਥ ਰਖਦੇ ਹੋਏ ਕਿਹਾ—ਭਾਈ ਸਾਹਿਬ ਮੈਂ ਅੱਲਾ ਤਾਲਾ ਨੂੰ ਹਾਜ਼ਰ-ਨਾਜ਼ਰ ਜਾਣਕੇ ਕਹਿੰਦਾ ਹਾਂ ਕਿ ਤੁਸੀਂ ਨਿੱਛ ਮਾਰ ਲਓ, ਸਾਨੂੰ ਕੋਈ ਤਕਲੀਫ ਨਹੀਂ ਹੋਵੇਗੀ, ਅਸੀਂ ਬਿਲਕੁਲ ਬੁਰਾ ਨਹੀਂ ਮਨਾਵਾਂਗੇ।

—ਨਹੀਂ ਭਾਈ ਸਾਹਿਬ ਮੈਂ ਅਜਿਹਾ ਨਹੀਂ ਕਰ ਸਕਦਾ ਮੈਂ ਨਿੱਛ ਨਹੀਂ ਮਾਰਾਂਗਾ।

—ਕਿਉਂ ! ਮੈਂ ਹੈਰਾਨੀ ਨਾਲ ਪੁਛਿਆ ਤੇ ਸੋਚਿਆ ਕਿ ਅਜੀਬ ਆਦਮੀ ਹੈ।

—ਮੇਰੀ ਬੀਵੀ ਨੇ ਕਿਹਾ ਸੀ ਕਿ ਜਦੋਂ ਤੁਹਾਨੂੰ (ਮੈਨੂੰ) ਨਿੱਛ ਆਵੇ ਉਦੋਂ ਮੈਂ ਤੁਹਾਨੂੰ ਯਾਦ ਕਰ ਰਹੀ ਹੋਵਾਂਗੀ ਤੇ ਤੁਸੀਂ ਫੌਰਨ ਮੇਰੇ ਪਾਸ ਆ ਜਾਣਾ।

—ਇਹ ਤਾਂ ਖੁਸ਼ੀ ਦੀ ਗੱਲ ਹੈ ਕਿ ਤੁਹਾਡੀ ਬੀਵੀ ਤੁਹਾਨੂੰ ਇੰਨਾ ਪਿਆਰ ਕਰਦੀ ਹੈ।

—ਪਰ ਉਸਦੀ ਮੌਤ ਹੋ ਚੁਕੀ ਹੈ ਤੇ ਭਲਾ ਮੈਂ ਨਿੱਛ ਮਾਰਕੇ ਉਸ ਪਾਸ ਕਿਵੇਂ ਜਾਵਾਂਗਾ। ਅਨੁ:—ਤਿਲਕ ਰਾਜਪੂਤ



Sri Satguru Jagjit Singh Ji eLibrary NamdhariElibrary@gmail.com

ਪੁਸਤਕ ਚਰਚਾ

# ਸਿਦਕ ਕਸੂਰੀ-ਇਕ ਪੂਰੀਚੇ

—ਪ੍ਰੋ: ਐਸ. ਤਰਸੇਮ

"ਸਰਦਲ" ਪਿਛੋਂ "ਸਿਦਕ-ਕਸੂਰੀ" ਕਰਤਾਰ ਸਿੰਘ 'ਪੰਛੀ' ਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ । ਇਸ ਸੰਗ੍ਰਹਿ ਵਿਚ ਕੁਲ ਸੌ ਗ਼ਜ਼ਲਾਂ ਹਨ । ਇਹ ਗ਼ਜ਼ਲਾਂ ਉਸ ਦੇ ਪਹਿਲੇ ਸੰਗ੍ਰਹਿ ਦੀਆਂ ਪੂਰਕ ਰਚਨਾਵਾਂ ਵਜੋਂ ਹੀ ਨਿਹਾਰੀਆਂ ਜਾ ਸਕਦੀਆਂ ਹਨ । ਪਰ ਇਸ ਸੰਗ੍ਰਹਿ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਪਹਿਲੇ ਸੰਗ੍ਰਹਿ 'ਸਰਦਲ' ਵਿਚਲੇ ਲੋਕ ਪੱਖੀ ਵਾਰ ਨਾਲੋਂ ਇਸ ਦਾ ਬੋਲ ਕੁਝ ਧੀਮਾ, ਕੁਝ ਮੱਧਮ ਅਤੇ ਕੁਝ ਪਹਿਲੇ ਸੰਗ੍ਰਹਿ ਦੀਆਂ ਗ਼ਜ਼ਲਾਂ ਨਾਲੋਂ ਨਿੱਜ ਵੱਲ ਵਧੇਰੇ ਉਲਾਰ ਨਜ਼ਰ ਆਉਂਦਾ ਹੈ । ਉਸ ਦਾ ਗ਼ਜ਼ਲ ਵਿਚ ਇਸ ਤਰ੍ਹਾਂ ਨਿੱਜ ਵੱਲ ਉਲਾਰ ਹੋ ਜਾਣਾ ਉਸ ਦੀ ਗ਼ਜ਼ਲ ਧਾਰਾ ਤੇ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਾਉਂਦਾ ਕਿਉਂਕਿ ਅੰਤ ਨੂੰ ਇਹ ਨਿੱਜ ਵੀ ਪਰ ਵਿਚ ਸੰਜੋਇਆ ਅਤੇ ਸਮੋਇਆ ਨਜ਼ਰ ਆਉਂਦਾ ਹੈ ।

ਕਰਤਾਰ 'ਪੰਛੀ' ਆਪਣੀਆਂ ਇਨ੍ਹਾਂ ਗ਼ਜ਼ਲਾਂ ਦੀ ਕਾਵਿ-ਅਭਿਵਿਅਕਤੀ ਸਮੇਂ ਕਿਸੇ ਤਾਜ਼ਾਈ ਉਚੇਚ ਤੋਂ ਕੰਮ ਨਹੀਂ ਲੈਂਦਾ । ਨਾ ਹੀ ਉਹ ਫ਼ਾਰਸੀ ਉਰਦੂ ਤੋਂ ਉਧਾਰੀ ਲਈ ਇਸ ਵਿਧਾ ਵਿਚ ਇਨ੍ਹਾਂ ਭਾਸ਼ਾਵਾਂ ਤੋਂ ਸ਼ਬਦ ਹੀ ਉਧਾਰੇ ਲੈਂਦਾ ਹੈ । ਉਹ ਤਾਂ ਉਰਦੂ ਫ਼ਾਰਸੀ ਅਤੇ ਪਰੰਪਰਾਵਾਦੀ ਪੰਜਾਬੀ ਗ਼ਜ਼ਲ ਦੀ ਮੁੜ ਮੁੜਕੇ ਦੁਆਲੇ ਘੁੰਮਦੀ ਸ਼ਬਦਾਵਲੀ ਤੋਂ ਵੀ ਖਹਿੜਾ ਛੁਡਾ ਚੁਕਿਆ ਹੈ । ਉਹ ਇਕ ਆਧੁਨਿਕ ਭਾਵ-ਬੋਧ ਦਾ ਜਨਵਾਦੀ ਗ਼ਜ਼ਲਗੋ ਹੈ । ਸਰਲਤਾ ਉਸ ਦੀ ਗ਼ਜ਼ਲ ਦਾ ਮੀਰੀ ਗੁਣ ਹੈ । ਇਹ ਸਰਲਤਾ ਹੀ ਉਸ ਦੇ ਪਾਠਕ ਵਰਗ ਦੇ ਘੇਰੇ ਨੂੰ ਜਨਸਧਾਰਨ ਨਾਲ ਜਾ ਜੋੜਦੀ ਹੈ ।

"ਸਿਦਕ ਕਸੂਰੀ" ਦੀਆਂ ਗ਼ਜ਼ਲਾਂ ਵਿਚ ਕਵੀ ਦੀ ਜਨਸੰਵੇਦਨਾ ਜਦੋਂ ਕਾਵਿ ਅਨੁਭੂਤੀ ਦਾ ਰੂਪ ਗ੍ਰਹਿਣ ਕਰਦੀ ਹੈ, ਉਸ ਸਮੇਂ ਕਵੀ ਜਟਲਤਾ ਦੇ ਸਾਰੇ ਤਾਣੇ ਬਾਣੇ ਨੂੰ ਛੱਡ ਕੇ ਆਪਣੀ ਗੱਲ ਕਹਿਣ ਵੱਲ ਰੁਚਿਤ ਹੋ ਜਾਂਦਾ ਹੈ । ਇਹ ਕਾਰਨ ਹੈ ਕਿ ਉਸ ਦੀ ਗ਼ਜ਼ਲ ਦਾ ਲੋਕ ਪੱਖੀ ਬੋਲ ਇਕ ਸੰਦੇਸ਼ਵਾਹਕ ਦਾ ਕਾਰਜ ਨਿਭਾਉਂਦਾ ਨਜ਼ਰ ਆਉਂਦਾ ਹੈ । ਇਸ ਕਾਰਨ ਹੀ ਉਸ ਦੇ ਬਹੁਤ ਸ਼ਿਅਰ ਸੰਬੋਧਨੀ ਸ਼ੈਲੀ ਦੇ ਲਿਖਾਇਕ ਹਨ । ਸਾਹਿਤਕਾਰ ਦੇ ਕਰਤੱਵ ਨੂੰ ਉਸ ਦੇ ਉਪਰੋਕਤ ਰੂਪ ਵਿਧਾਨ ਦੇ ਪਰਿਪੇਖ ਵਿਚ ਰੱਖ ਕੇ ਹੇਠ ਲਿਖੇ ਸ਼ਿਅਰ ਵਿਚ ਵੇਖਣਾ ਉਚਿਤ ਹੋਵੇਗਾ ।

ਇਸ ਕਲਮ ਦੀ ਨੋਕ ਉੱਤੇ ਇਹ ਵਿਸ਼ਵ ਵੀ ਤੁਲ ਸਕਦੈ
ਚਿੰਤਕੋ ਨਾ ਜੀਵਨ ਨੂੰ ਫ਼ਨਕਾਰ ਮਿਟਾ ਦੇਵੇ ।

ਕਰਤਾਰ ਸਿੰਘ 'ਪੰਛੀ' ਦੀਆਂ ਗ਼ਜ਼ਲਾਂ ਵਿਚ ਜਨਵਾਦੀ ਕਾਵਿ ਅਨੁਭੂਤੀਆਂ ਮਨੁੱਖ ਦੀਆਂ ਸਮਾਜਿਕ, ਆਰਥਿਕ ਸੰਗਤੀਆਂ ਵਿਸੰਗਤੀਆਂ ਦੀ ਅਭਿਵਿਅਕਤੀ ਸਮੇਂ ਨਿਪੇਧ ਆਤਮਿਕ ਅਤੇ ਨਿਕਾਰਾਤਮਿਕ ਰੁਚੀਆਂ ਤੋਂ ਉਸਦੇ ਜੀਵਨ ਪ੍ਰਤੀ ਸੋਦਭਮਿਦ ਅਤੇ ਸਾਰਥਕ ਦ੍ਰਿਸ਼ਟੀਕੋਣ ਕਾਰਣ ਬਚੀਆਂ ਰਹੀਆਂ ਹਨ । ਉਹ ਮਨੁੱਖੀ ਰਿਸ਼ਤਿਆਂ ਵਿਚਕਾਰ ਦਵੰਦ ਨੂੰ ਉਸਾਰੂ ਅਤੇ ਆਸ਼ਾਵਾਦੀ ਕਾਵਿ ਅਭਿਵਿਅਕਤੀ ਦਿੰਦਾ ਹੈ :—

ਮੈਂ ਗ਼ਮੇਂ ਦੇ ਦਰਦ ਸਾਂਭੀ ਜਾ ਰਿਹਾਂ,
ਮੇਰੇ ਲਈ ਤਾਂ ਅਜਲ ਵਿਚ ਇਹ ਹੁੰਡੀਆਂ ।
ਜੀਵਨ ਦੇ ਨੇਰੇ ਰਾਹਾਂ 'ਤੇ ਕਾਲਖ ਕੁਝ ਹੋਰ ਕਸੈਲੀ ਹੈ,
ਮੈਂ ਦੀਪਕ ਬਾਲ ਪਿਆਰਾਂ ਦਾ,
ਪਿਆ ਰਾਹ ਰੁਸ਼ਨਾਉਂਦਾ ਫਿਰਦਾ ਹਾਂ ।

'ਪੰਛੀ' ਪਿਆਰ ਦਾ ਦੀਪਕ ਕਿਸੇ ਉਹਲੇ ਵਿਚ ਨਹੀਂ ਬਾਲਦਾ ਉਸ ਦਾ ਇਹ ਦੀਪਕ ਸਮੁਚੇ ਜੀਵਨ ਦੇ ਹਨੇਰੇ ਰਾਹਾਂ ਲਈ ਹੈ । ਇਸੇ ਲਈ ਅਸੀਂ ਉਪਰ ਕਿਹਾ ਸੀ ਕਿ ਉਹ ਨਿੱਜ ਦੀ ਗੱਲ ਕਰਦਾ ਹੋਇਆ ਵੀ ਅੰਤ ਨੂੰ ਸਮੁਚੀ ਮਨੁੱਖਤਾ ਨਾਲ ਜੁੜਿਆ ਰਹਿੰਦਾ ਹੈ । ਮਨੁੱਖਤਾ ਦੇ ਉੱਜਲੇ ਭਵਿੱਖ ਲਈ ਉਹ ਸੰਘਰਸ਼ ਸ਼ੀਲ ਹੈ । ਉਸਦਾ ਸੰਘਰਸ਼ ਮਨੁੱਖੀ ਹਿਤਾਂ ਲਈ ਹੈ । ਇਸ ਲਈ ਉਹ ਸੰਘਰਸ਼ ਦੇ ਪ੍ਰਤੀਕ ਤਲਵਾਰ ਨੂੰ ਉਸੇ ਸੀਮਾ ਤਕ ਜਾਇਜ਼ ਸਮਝਦਾ ਹੈ



Sri Satguru Jagjit Singh Ji eLibrary NamdhariElibrary@gmail.com

ਜਿਸ ਸੀਮਾ ਤਕ ਉਹ ਜਨਹਿਤ ਲਈ ਲਾਭਕਾਰੀ ਹੈ :—

ਤਲਵਾਰ ਬਣਾਈ ਸੀ, ਜੀਵਨ ਦੀ ਰਾਖੀ ਲਈ,
ਜੇ ਜੀਵਨ ਕਤਲ ਕਰੇ, ਤਲਵਾਰ ਮਿਟਾ ਦੇਵੋ।

"ਸਿਦਕ ਕਥੂਰੀ" ਵਿਚ ਸੁਨਿਸ਼ਚਿਤ ਦ੍ਰਿਸ਼ਟੀਕੋਣ ਦੀ ਮਹਿਕ ਹੈ। ਇਹੋ ਕਾਰਣ ਹੈ ਕਿ ਉਹ ਆਪਣੀ ਇਸ ਸੁਨਿਸ਼ਚਿਤਤਾ ਅਤੇ ਪ੍ਰਤੀਬੱਧਤਾ ਨੂੰ ਇਨ੍ਹਾਂ ਸ਼ੇਅਰਾਂ ਵਿਚ ਖੂਬਸੂਰਤ ਖਿਆਲਾਂ ਰਾਹੀਂ ਪੇਸ਼ ਕਰਦਾ ਹੈ :—

ਉਹ ਢਲਦਾ ਇਸ ਤਰ੍ਹਾਂ ਹੋਵੇ, ਜਿਵੇਂ ਖੰਡਾ ਦੋ ਧਾਰਾ ਹੈ,
ਮੈਂ ਐਸੇ ਦੋਗਲੇ ਉੱਤੇ ਕਰਾਂ ਇਤਬਾਰ ਮੁਸ਼ਕਿਲ ਹੈ।

ਜਾਂ

ਮੈਂ ਜੀਵਨ ਦਾ ਪੁਜਾਰੀ ਹਾਂ,
ਤੇ ਇਸ ਨੂੰ ਪਿਆਰ ਕਰਦਾ ਹਾਂ,
ਸਿਆਸੀ ਆਗੂਆਂ ਵਾਂਗੂ,
ਇਹਦਾ ਵਿਉਪਾਰ ਮੁਸ਼ਕਿਲ ਹੈ।

"ਸਿਦਕ ਕਥੂਰੀ" ਦੇ ਕੁਝ ਹੋਰ ਸ਼ਿਅਰ ਜਿਹੜੇ ਵਜ਼ਨ ਤੇ ਰੂਪ ਦੋਹਾਂ ਦੀ ਖੂਬਸੂਰਤੀ ਕਾਰਨ ਮੈਨੂੰ ਚੰਗੇ ਲਗੇ ਹਨ ਉਹ ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਿਹਾ ਹਾਂ :—

੧) ਚੈਨ ਨਹੀਂ ਮਿਲਦਾ ਮੈਂ
ਜੀਵਨ ਵਾਸਤੇ ਹੁਣ ਚੈਨ ਨਾਲ,
ਲਹਿਰ ਦੀ ਬੁੱਕਲ ਦੇ ਵਿਚ
ਆਰਾਮ ਮੇਰਾ ਲਿਖ ਲਵੋ।

੨) ਮੇਰੇ ਦਿਲ ਅੰਦਰ ਕਈ ਤਸਵੀਰ ਹੈ,
ਸੱਜਣਾਂ ਉਸ ਨੂੰ ਭੁਲਾਵਾਂ ਕਿਸ ਤਰ੍ਹਾਂ?

੩) ਸਿਰਫ ਇਕ ਸੁਪਨਾ ਨਹੀਂ ਇਹ ਜ਼ਿੰਦਗੀ,
ਮੈਂ ਤਾਂ 'ਪੰਛੀ' ਏਸ ਨੂੰ ਆਤਮਾ ਕਿਹਾ।

੪) ਮੇਰੇ ਦਿਲ ਵਿਚ ਯਾਦ ਉਸ ਦੀ ਤੀਰ ਬਣੀ,
ਜਦ ਤੋਂ ਉਸ ਦਾ ਆਉਣਾ ਜਾਣਾ ਖੁੰਝਿਆ ਹੈ।

੫) ਕੌਣ ਝੱਲੇ ਦੇ ਮਨ ਅੰਦਰ ਕੀ ਹੋਵੇਗਾ?
ਜਿਸ ਦੇ ਹੰਝੂ ਪਲਕਾਂ ਉਹਲੇ ਟੱਸਦੇ ਨੇ।

੬) ਜਿਹੜਾ 'ਪੰਛੀ' ਸਭ ਦੇ ਸਾਂਵੇ ਗੁੱਟਕ ਗਿਆ,
ਉਹ ਤਾਂ ਯਾਰੋ ਡੁੱਬਿਆ ਕਿ ਬਸ ਡੁੱਬਿਆ ਹੈ।

ਇਸ ਪੁਸਤਕ ਨੂੰ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਬੜੀ ਰੀਝ ਨਾਲ ਛਾਪਿਆ ਹੈ। ਮੈਂ 'ਇਸ ਸਿਦਕ ਕਥੂਰੀ' ਦੀ ਮਹਿਕ ਮਾਣੀ ਹੈ ਅਤੇ ਪਾਠਕਾਂ ਨੂੰ ਮਾਨਣ ਲਈ ਲਈ ਪ੍ਰੇਰਦੀ ਹਾਂ।

# ਵਰਿਆਮ ਨੂੰ ਸਹਿਯੋਗ

ਵਰਿਆਮ ਪ੍ਰਤੀ ਹਿਤ ਰਖਦੇ ਇਸ ਦੇ ਸਨੇਹੀ ਸਮੇਂ ਸਮੇਂ ਮਾਇਕ ਸਹਿਯੋਗ ਦਿੰਦੇ ਰਹਿੰਦੇ ਹਨ। ਅਸੀਂ ਇਹਨਾਂ ਸਨੇਹੀਆਂ ਦੇ ਧਨਵਾਦ ਸਹਿਤ ਆਈ ਮਾਇਆ ਦਾ ਵੇਰਵਾ ਪ੍ਰਕਾਸ਼ਤ ਕਰਦੇ ਹਾਂ।

## ਸ: ਜਸਪਾਲ ਸਿੰਘ ਖੁਰਾਣਾ ਥਾਣਾ (ਬੰਬਈ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਆਗਿਆ ਅਨੁਸਾਰ ਹਵਲਦਾਰ ਗਿਆਨ ਸਿੰਘ ਦਾਨ ਸਿੰਘ ਜੀ ਨੇ ਥਾਣਾ (ਬੰਬਈ) ਵਿਚ ਸੰਤ ਜਸਪਾਲ ਸਿੰਘ ਖੁਰਾਣਾ ਦੇ ਨਵੇਂ ਮਕਾਨ ੩੦੫ ਗੌਤਮ ਵਿਲਾ ਵਿਚ ਸਾਧਾਰਨ ਪਾਠ ਰਖਿਆ। ਰੋਜ਼ ਪਾਠ ਕੀਰਤਨ ਹੁੰਦਾ ਰਿਹਾ ਅਤੇ ੧੦ ਨਵੰਬਰ ਨੂੰ ਭੋਗ ਪਿਆ। ਮਕਾਨ ਦੇ ਮਹੂਰਤ ਤੇ ਸਾਧ ਸੰਗਤ ਦੇ ਘਰ ਚਰਨ ਪਾਏ ਤੇ ਲੰਗਰ ਕੀਤਾ। ਮਹਿਮਾਨ ਅਤੇ ਲੰਗਰ ਤੋਂ ਇਲਾਵਾ ਬੰਬਈ ਨਾਮਧਾਰੀ ਧਰਮਸ਼ਾਲਾ ਨੂੰ ੨੫੧/- ਰੁਪਏ ਅਤੇ ਵਰਿਆਮ ਨੂੰ ੫੧/- ਰੁਪਏ ਸੰਤ ਹਜ਼ੂਰ ਸਿੰਘ ਗੁਲਾਟੀ ਰਾਹੀਂ ਭੇਜੇ ਗਏ।

## ਸੰਤ ਬਚਨ ਸਿੰਘ ਮਠਾੜੂ ਬੰਬਈ

ਸੰਤ ਹਜ਼ੂਰ ਸਿੰਘ ਗੁਲਾਟੀ ਜੀ ਦੇ ਕਥਨ ਅਨੁਸਾਰ ਸੰਤ ਬਚਨ ਸਿੰਘ ਮਠਾੜੂ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਿਖ ਹਨ। ਬੰਬਈ ਦੀ ਨਾਮਧਾਰੀ ਧਰਮਸ਼ਾਲਾ ਵਿਚ ਜਿਥੇ ਰੋਜ਼ ਜਾ ਕੇ ਨੇਮ ਨਾਲ ਪਾਠ ਕਰਦੇ ਹਨ ਉਥੇ ਧਰਮਸ਼ਾਲਾ ਵਾਸਤੇ ਮਾਇਆ ਚਾਨਣੀਆਂ ਕਨਾਤਾਂ ਬਸਤਰ ਅਤੇ ਬਰਤਨਾਂ ਦੀ ਦਾਨ ਸੇਵਾ ਕਰਦੇ ਹੀ ਰਹਿੰਦੇ ਹਨ। ਆਪ ਜੀ ਦੇ ਘਰ ਸਾਧਾਰਨ ਪਾਠ ਦਾ ਭੋਗ ਪਿਆ ਅਤੇ ਲੰਗਰ ਹੋਇਆ। ਨਾਮਧਾਰੀ ਧਰਮਸ਼ਾਲਾ ਬੰਬਈ ਨੂੰ ੨੫੦/- ਰੁ: ਵਰਿਆਮ ਨੂੰ ੫੦/- ਰੁ: ਸਹਾਇਤਾ ਦੇਣ ਤੋਂ ਇਲਾਵਾ ਲੰਗਰ ਅਤੇ ਸਤਿਜੁਗ ਵਾਸਤੇ ਵੀ ਸਹਾਇਤਾ ਕੀਤੀ।

## ਸ. ਸੂਰਤ ਸਿੰਘ ਜਲੰਧਰ

ਜੋੜਾ ਪੁਲ ਜਲੰਧਰ ਤੋਂ ਸ: ਸੂਰਤ ਸਿੰਘ ਜੀ ਨੇ ਘਰ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ ਅਤੇ ਲੰਗਰ ਕੀਤਾ। ਵਰਿਆਮ ਵਾਸਤੇ ੧੧/- ਰੁ: ਦਿਤੇ।



Sri Satguru Jagjit Singh Ji eLibrary NamdhariElibrary@gmail.com

## ਸ: ਸੁਖਦੇਵ ਸਿੰਘ ਜਲੰਧਰ

ਸੰਤ ਤੇਜਾ ਸਿੰਘ ਜੀ ਬਸਤੀ ਭੂਰੇ ਖਾਂ ਜਲੰਧਰ ਵਾਲਿਆਂ ਆਪਣੇ ਪੋਤਰੇ (ਸਪੁਤਰ ਤਰਲੋਕ ਬਾਲਕ ਸੁਖਦੇਵ ਸਿੰਘ) ਦੇ ਪਹਿਲੇ ਜਨਮ ਦਿਵਸ ਤੇ ਵਾਰ ਦਾ ਕੀਰਤਨ ਕਰਵਾਇਆ। ਸਾਧ ਸੰਗਤ ਦੀ ਜਲ-ਪਾਨ ਨਾਲ ਸੇਵਾ ਕੀਤੀ। ਵਰਿਆਮ ਵਾਸਤੇ ੧੧/- ਰੁਪਏ ਸਹਿਯੋਗ ਦਿਤਾ ਅਤੇ ਨਾਮਧਾਰੀ ਸਭਿਆਚਾਰਕ ਕੇਂਦਰ ਨੂੰ ੫੧/- ਰੁ: ਗੁਰਦਵਾਰਾ ਨਾਮਧਾਰੀ ਬਸਤੀ ਨੂੰ ੧੧/- ਰੁ: ਭੇਟਾ ਕੀਤੇ ਗਏ।

## ਸ: ਸੁਰਿੰਦਰ ਸਿੰਘ ਜਲੰਧਰ

ਬਸਤੀ ਭੂਰੇ ਖਾਂ ਜਲੰਧਰ ਦੇ ਸ: ਸੁਰਿੰਦਰ ਸਿੰਘ ਨਾਮਧਾਰੀ ਹਾਰਡਵੇਅਰ ਸਟੋਰ ਵਾਲਿਆਂ ਦੇ ਘਰ ਵਾਰ ਦਾ ਕੀਰਤਨ—ਹਵਨ ਅਤੇ ਪਾਠ ਦਾ ਭੋਗ ਪਾਇਆ ਗਿਆ। ਅਤੇ ਲੰਗਰ ਕੀਤਾ ਗਿਆ। ਵਰਿਆਮ ਵਾਸਤੇ ੧੧/- ਰੁ: ਸਹਿਯੋਗ ਭੇਜਿਆ ਗਿਆ।

## ਸ: ਸੁਰਜੀਤ ਸਿੰਘ ਬਸਤੀ ਭੂਰੇ ਖਾਂ

ਨਾਮਧਾਰੀ ਸਭਿਆਚਾਰ ਕੇਂਦਰ ਜਲੰਧਰ ਵਲੋਂ ਸ: ਸੁਰਜੀਤ ਸਿੰਘ ਮੋਟਰ ਸਾਈਕਲਾਂ ਵਾਲਿਆਂ ਦੇ ਘਰ ਨਾਮ ਸਿਮਰਨ ਇਤਿਹਾਸ ਪਾਠ ਅਤੇ ਕੀਰਤਨ ਕੀਤਾ ਗਿਆ। ਵਰਿਆਮ ਵਾਸਤੇ ੨੧/- ਰੁ: ਅਤੇ ਸਭਿਆਚਾਰ ਕੇਂਦਰ ਨੂੰ ੫੧/- ਰੁ: ਦੀ ਸਹਾਇਤਾ ਦਿਤੀ ਗਈ।

## ਸ: ਸਰਦਾਰਾ ਸਿੰਘ ਲੁਧਿਆਣਾ

ਦੀਵਾਲੀ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਵਿਖੇ ੧੩ ਨਵੰਬਰ ਨੂੰ ਸ: ਸਰਦਾਰਾ ਸਿੰਘ ਜੰਮੂ ਕਾਲੋਨੀ ਲੁਧਿਆਣਾ ਦੇ ਸਪੁਤਰ ਸ: ਗੁਰਬਖਸ਼ੀਸ਼ ਸਿੰਘ ਦਾ ਅਨੰਦ ਕਾਰਜ ਬੀਬੀ ਹਰਮੀਤ ਕੌਰ ਸਪੁਤਰੀ ਸੰਤ ਕੁਲਦੀਪ ਸਿੰਘ (ਗੜਵਾ ਵਾਲੇ) ਲੁਧਿਆਣਾ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਸ. ਸਰਦਾਰਾ ਸਿੰਘ ਜੀ ਵਲੋਂ ਵਰਿਆਮ ਵਾਸਤੇ ਇਕ ਸੌ ਰੁਪਿਆ ਸਹਾਇਤਾ ਦਿਤੀ ਗਈ।

## ਨਾਮਧਾਰੀ ਸੰਗਤ ਜ਼ਿਲ੍ਹਾ ਅੰਮ੍ਰਿਤਸਰ

ਸ੍ਰੀ ਭੈਣੀ ਸਾਹਿਬ ਵਿਖੇ ਹੋਏ ਦੀਵਾਲੀ ਦੇ ਮੇਲੇ ਉਤੇ ਵਰਿਆਮ ਵਾਸਤੇ ਇਕ ਸੌ ਰੁਪਏ ਦੀ ਸਹਾਇਤਾ ਅੰਮ੍ਰਿਤਸਰ ਜ਼ਿਲੇ ਦੀ ਨਾਮਧਾਰੀ ਸੰਗਤ ਵਲੋਂ ਦਿਤੀ ਗਈ।

## ਸ: ਮਹਿੰਦਰ ਸਿੰਘ ਰੈਣੂ ਦਿਲੀ

ਨਰਾਇਣਾ ਇੰਡਸਟ੍ਰੀਅਲ ਏਰੀਆ ਦਿਲੀ ਦੇ ਰੈਣੂ ਇਲੈਕਟ੍ਰਿਕ ਵਰਕਸ ਵਾਲੇ ਸ: ਮਹਿੰਦਰ ਸਿੰਘ ਜੀ ਦੇ ਘਰ ੧੦ ਨਵੰਬਰ ੧੯੮੫ ਨੂੰ ਵਰਨੀ ਅਤੇ ਅਖੰਡ ਪਾਠ ਦਾ ਭੋਗ ਪਿਆ। ਵਰਿਆਮ ਨੂੰ ਪੰਜੀ ਰੁਪਏ ਸਹਿਯੋਗ ਵਜੋਂ ਸੰਤ ਸਤਿਨਾਮ ਸਿੰਘ ਰਾਹੀਂ ਪੁਜੇ ਹਨ।

ਇਕ ਹੋਰ ਸਮੇਂ ਸ: ਮਹਿੰਦਰ ਸਿੰਘ ਜੀ ਰੈਣੂ ਨੇ ਘਰ ਸਾਧਾਰਣ ਪਾਠ ਦਾ ਭੋਗ ਪਵਾਇਆ। ਕਾਰੋਬਾਰ ਵਿਚ ਬਰਕਤ ਅਤੇ ਘਰ ਵਿਚ ਖੁਸ਼ੀਆਂ ਵਾਸਤੇ ਬੇਨਤੀ ਕੀਤੀ ਗਈ ਅਤੇ ਸਾਧ ਸੰਗਤ ਦੀ ਲੰਗਰ-ਪਾਣੀ ਨਾਲ ਸੇਵਾ ਕੀਤੀ। ਵਰਿਆਮ ਵਾਸਤੇ ਇਕਵੰਜਾ ਰੁਪਏ ਜਥੇਦਾਰ ਸੰਤ ਸੇਵਾ ਸਿੰਘ ਮਲੋਹ ਵਾਲਿਆਂ ਰਾਹੀਂ ਪੁਜੇ ਹਨ।

## ਬੀਬੀ ਰਤਨਾ-ਦਿਲੀ

ਸੰਤ ਰਾਮ ਰਤਨ ਸਿੰਘ ਪ੍ਰਤਾਪ ਬਾਗ ਦਿਲੀ ਦੇ ਘਰੋਂ ਬੀਬੀ ਰਤਨਾ ਵਲੋਂ ਇਕ ਸੌ ਰੁਪਿਆ ਵਰਿਆਮ ਨਾਲ ਪੁਰਾਣੀਆਂ ਸਾਂਝੀਆਂ ਕਰਨ ਸਮੇਂ ਪੁਜਾ ਹੈ। ਇਹ ਸਹਾਇਤਾ ਬੀਬੀ ਜੀ ਨੇ ਆਪਣੀ ਮਸੇਰ ਭੈਣ ਬੀਬੀ ਸਤਿਨਾਮ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਭੇਜੀ ਹੈ। ਬੀਬੀ ਸਤਿਨਾਮ ਕੌਰ ਦਾ ਅਨੰਦ ਕਾਰਜ ਸ੍ਰੀ ਗੁਰਨਾਮ ਸਿੰਘ ਸਪੁਤਰ ਸ: ਮਹਿੰਦਰ ਸਿੰਘ (ਸਿਲਾਓ-ਬਿਹਾਰ) ਨਾਲ ੧੪ ਨਵੰਬਰ ੧੯੮੫ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ।

## ਸੰਤ ਅਵਤਰਨ ਸਿੰਘ ਖੁਰਾਣਾ ਬੰਬਈ

ਸੰਤ ਹਜ਼ੂਰ ਸਿੰਘ ਕੁਲਾਣੀ ਰਾਹੀਂ ਪੁਜੀ ਰਿਪੋਰਟ ਅਤੇ ਮਾਇਆ ਅਨੁਸਾਰ ਥਾਨਾ (ਬੰਬਈ) ਨਿਵਾਸੀ ਸੰਤ ਅਵਤਰਨ ਸਿੰਘ ਜੀ ਖੁਰਾਣਾ ਦੇ ਘਰ ਜਥੇਦਾਰ ਗਿਆਨ ਸਿੰਘ ਰਾਜ ਸਿੰਘ ਜੀ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ, ਹੱਲੇ ਦਾ ਦੀਵਾਨ ਅਤੇ ਹਵਨ ਕਾਰਜ ਕੀਤੇ। ਕਾਰੋਬਾਰ ਲਈ ਵਾਧੇ ਦੀ ਅਰਦਾਸ ਉਪਰੰਤ ਸਾਧ ਸੰਗਤ ਨੂੰ ਮਠਿਆਈਆਂ ਦਾ ਲੰਗਰ ਛਕਾਇਆ। ਸਤਿਜੁਗ ਅਤੇ ਲੰਗਰ ਦੀ ਸਹਾਇਤਾ ਤੋਂ ਇਲਾਵਾ ਨਾਮਧਾਰੀ ਧਰਮਸਾਲਾ ਪੰਧਲੀ ਨੂੰ ੫੧ ਰੁਪਏ ਅਤੇ ਵਰਿਆਮ ਨੂੰ ੨੫ ਰੁਪਏ ਭੇਜੇ ਗਏ। ×



Sri Satguru Jagjit Singh Ji eLibrary NamdhariElibrary@gmail.com

# JANTA
# HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain


FOR GENERAL MOULDED RUBBER GOODS


DOWN STROKE HEAVY DUTY for Harrow Discs, Rim Plates & Brake Linnings


FOR VULCANIZING OF CONVEYOR & TRANSMISSION BELTINGS


FOR STRAIGHTENING BENDING, PRESSING & FASTENING

JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR. INDUSTRIAL AREA
GHAZIABAD (INDIA)
PHONE.: 201288 (CONNECTED WITH DELHI)




Sri Satguru Jagjit Singh Ji eLibrary NamdhariElibrary@gmail.com

ੴ ਫੋਨ : 2737

# ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋ-ਰਿੰਗ, ਕਰੈਂਕ ਗ੍ਰਾਂਈ-ਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ।

ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਣਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।

ਬੋਰਿੰਗ ਮਸ਼ੀਨ

★ ਬੋਰਿੰਗ, ਗ੍ਰਾਈਂਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮੁਰਮਤੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਨਾਸਬ ਹੈ।

★ ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ। ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਢਿਲ ਨਹੀਂ ਆਉਂਦੀ।

**ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ**

ਪ੍ਰੋ: ਲਛਮਣ ਸਿੰਘ ਨਾਮਧਾਰੀ

10, ਇੰਡਸਟ੍ਰੀਅਲ ਏਰੀਆ, ਫਗਵਾੜਾ।

ਨਾਨਕ ਜੋ ਗੁਰੁ ਸੇਵਹਿ ਆਪਣਾ

ਹਉ ਤਿਨ ਬਲਿਹਾਰੈ ਜਾਉ ॥ ੧ ॥

ਸਲੋਕ ਮ: ੩

ਫੋਨ : ੭੨੮੬੯

੭੪੭੩੦

## ਨਾਮਧਾਰੀ ਟੈਂਟ ਹਾਊਸ

## ਹਮੀਦੀਆ ਰੋਡ

## ਭੋਪਾਲ (ਮ: ਪ੍ਰ:)



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt )

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER Phone : 3805

## MODERN GUN WORKS

**Opp. Industrial Estate,**

**JAMMU CANTT.**

---

With best compliments from :-

## *NAMDHARI BROTHERS*

Prop. S AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G. ELECTRIC MOTORS, ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

---

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2538411
,, : 2510848
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji eLibrary NamdhariElibrary@gmail.com

Registered No. NW/7L—253 MONTHLY WARIAM December 1983
Registered with the registrar of News Papers for India No. 26453 75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

ALREADY INTRODUCED :

**Glucose, Roshni, Twinkle, Orange**
**Pineapple, Elaichi Cream Biscuits**

**Fully geared to release Shortly Salty Quality Biscuits**

## POONAM BISCUITS PVT. LTD.

**E-23 M I. D. C. Ind. Area**
**Chikalthana, Aurangabad-431210**

Telphone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।
Monthly WARIAM, Ladowali Road, Jalandhar—144001

Sri Satguru Jagjit Singh Ji eLibrary NamdhariElibrary@gmail.com